@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 12 May 2024

VISIT: www.qaumipatrika.org
Email: qpatrika@gmail.com

Punjabi National Daily

Qaumi Patrika NO.1

ਨਵੀਂ ਦਿੱਲੀ: ਐਤਵਾਰ 12 ਮਈ 2024, 28 ਵੈਸਾਖ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 172, qpatrika@gmail.com ਫੋਨ : 9971359517 www.qaumipatrika.org

## ਕਰਤਾਰਪੁਰ ਲਾਂਘੇ ਦੀ ਫੀਸ ਮੁਫਤ ਕਰਨ ਲਈ ਪਾਕਿਸਤਾਨ ਨਾਲ ਹੋਵੇਗੀ ਗੱਲ: ਜੈਸ਼ੰਕਰ

ਅੰਮ੍ਰਿਤਸਰ 11 ਮਈ। ਵਿਦੇਸ ਮੰਤਰੀ ਡਾ.ਐੱਸ. ਜੈਸੰਕਰ ਨੇ ਪੰਜਾਬ ਅਤੇ ਅੰਮ੍ਰਿਤਸਰ ਦੇ ਲੋਕਾਂ ਨੂੰ ਭਰੋਸਾ ਦਿੱਤਾ ਹੈ ਕਿ



ਕਰਤਾਰਪੁਰ ਲਾਂਘੇ ਨੂੰ ਫੀਸ ਮੁਫਤ ਕਰਨ ਲਈ ਪਾਕਿਸਤਾਨ ਸਰਕਾਰ ਨਾਲ ਗੱਲ ਕੀਤੀ ਜਾਵੇਗੀ। ਉਨ੍ਹਾਂ ਨੇ ਨਾਲ ਹੀ ਵੀਜਾ ਸਰਤਾਂ ਵਿੱਚ ਢਿੱਲ ਦੇਣ ਦਾ ਭਰੋਸਾ ਦਿੱਤਾ ਹੈ। ਡਾ: ਐੱਸ. ਮੀਟਿੰਗ ਦੌਰਾਨ ਜੈਸੰਕਰ ਨੇ ਪੰਜਾਬ ਅਤੇ ਪੰਜਾਬੀਅਤ ਦੀ ਪ੍ਰਸੰਸਾ ਕੀਤੀ ਅਤੇ ਅੰਮ੍ਰਿਤਸਰ ਵਿੱਚ ਰੁਜਗਾਰ, ਤਰੱਕੀ ਅਤੇ ਵਿਕਸਤ ਭਾਰਤ ਦੀਆਂ ਅਪਾਰ ਸੰਭਾਵਨਾਵਾਂ 'ਤੇ ਵੀ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਧਾਰਮਿਕ, ਖੇਤੀਬਾੜੀ ਅਤੇ ਰਣਨੀਤਕ ਤੌਰ 'ਤੇ ਖੁਸਹਾਲ ਅੰਮ੍ਰਿਤਸਰ ਅੱਜ ਉੱਥੇ ਨਹੀਂ ਹੈ ਜਿੱਥੇ ਇਸ ਨੂੰ ਹੋਣਾ ਚਾਹੀਦਾ ਹੈ।

## ਚੋਣ ਕਮਿਸ਼ਨ ਨੇ ਸੱਜਾਦ ਲੋਨ ਨੂੰ ਭੇਜਿਆ ਨੋਟਿਸ

ਸ੍ਰੀਨਗਰ 11 ਮਈ। ਚੋਣ ਕਮਿਸ਼ਨ ਨੇ ਚੋਣ ਜਾਬਤਾ ਦੀ ਉਲੰਘਣਾ 'ਤੇ ਜੰਮੂ ਕਸ਼ਮੀਰ ਦੀ ਬਾਰਾਮੂਲਾ ਲੋਕ ਸਭਾ ਸੀਟ ਤੋਂ ਉਮੀਦਵਾਰ ਪੀਪਲਜ ਕਾਨਫਰੰਸ ਦੇ ਪ੍ਰਧਾਨ ਸੱਜਾਦ ਲੋਨ ਨੂੰ ਨੋਟਿਸ ਜਾਰੀ ਕੀਤਾ ਹੈ। ਸ੍ਰੀ ਲੋਨ ਨੇ ਜ਼ਿਲ੍ਹਾ ਚੋਣ ਅਧਿਕਾਰੀਆਂ ਤੋਂ ਪਹਿਲਾਂ ਮਨਜੂਰੀ ਦੇ ਬਿਨਾਂ ਸੋਸ਼ਲ ਮੀਡੀਆ 'ਤੇ ਪ੍ਰਚਾਰ ਵੀਡੀਓ ਕਲਿੱਪ ਅਪਲੋਡ ਕੀਤਾ ਸੀ। ਕਮਿਸ਼ਨ ਨੇ ਇਸ ਨੂੰ ਚੋਣ ਜਾਬਤਾ ਦੀ ਉਲੰਘਣਾ ਦੱਸਦੇ ਹੋਏ ਉਨ੍ਹਾਂ ਨੂੰ ਨੋਟਿਸ ਭੇਜਿਆ ਹੈ। ਨੋਟਿਸ 'ਚ ਕਿਹਾ ਗਿਆ ਹੈ ਕਿ ਚੋਣ ਮਿਆਦ ਦੌਰਾਨ ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਆ 'ਚ ਪਾਉਣ ਤੋਂ ਪਹਿਲਾਂ ਰਾਜਨੀਤਕ ਦਲਾਂ ਦੇ ਨਿੱਜੀ ਚੋਣ ਲੜਨ ਵਾਲੇ ਉਮੀਦਵਾਰਾਂ ਦੇ ਸਾਰੇ ਪੇਡ ਨਿਊਜ ਦੇ ਮਾਮਲੇ 'ਤੇ ਨਜਰ ਰੱਖਣ ਲਈ ਵਿਗਿਆਪਨਾਂ ਦੀ ਜਾਂਚ ਅਤੇ



ਵੈਰੀਫਿਕੇਸ਼ਨ ਕਰਨ ਲਈ ਇਕ ਜ਼ਿਲ੍ਹਾ ਪੱਧਰੀ ਮੀਡੀਆ ਪ੍ਰਮਾਣਨ ਅਤੇ ਨਿਗਰਾਨੀ ਸਮਿਤੀ (ਐੱਮ.ਸੀ.ਐੱਮ.ਸੀ.) ਦਾ ਗਠਨ ਕੀਤਾ ਗਿਆ ਹੈ। ਨੋਟਿਸ 'ਚ ਕਿਹਾ ਗਿਆ ਹੈ ਕਿ ਸਾਰੇ ਰਾਜਨੀਤਕ ਦਲਾਂ ਦੇ ਚੋਣ ਲੜਨ ਵਾਲੇ ਉਮੀਦਵਾਰਾਂ ਨੂੰ ਨਿਰਦੇਸ਼ਾਂ ਅਨੁਸਾਰ ਉਪਰੋਕਤ ਐੱਮ.ਸੀ.ਐੱਮ.ਸੀ. ਤੋਂ ਰਾਜਨੀਤਕ ਵਿਗਿਆਪਨਾਂ ਦਾ ਮੁੜ ਪ੍ਰਮਾਣਨ ਯਕੀਨੀ ਕਰਨਾ ਜਰੂਰੀ ਹੈ।

## ਹਿਮਾਚਲ 'ਚ ਕਾਲ ਬਣ ਕੇ ਆਇਆ ਤੂਫਾਨ, ਕਰਸੋਗ 'ਚ ਪਿਓ ਦੀ ਮੌਤ

ਮੰਡੀ 11 ਮਈ। ਹਿਮਾਚਲ ਪ੍ਰਦੇਸ 'ਚ ਕਾਰਸੋਗ ਉਪ ਮੰਡਲ ਦੀ ਪੰਗਾਨਾ ਉਪ-ਤਹਿਸੀਲ ਦੇ ਭੂੰਦਲ ਗ੍ਰਾਮ ਪੰਚਾਇਤ ਮਾਸੋਗਲ 'ਚ ਦੇਰ ਸਾਮ ਤੇਜ ਤੂਫਾਨ ਕਾਰਨ ਰਸੋਈ 'ਤੇ ਦਰੱਖਤ ਡਿੱਗ ਗਿਆ। ਇਸ ਹਾਦਸੇ ਵਿੱਚ ਪਿਤਾ ਦੀ ਮੌਤ ਹੋ ਗਈ। ਉਥੇ ਹੀ ਪੁੱਤਰ ਜਖਮੀ ਹੋ ਗਿਆ। ਪੁਲਸ ਤੋਂ ਮਿਲੀ ਜਾਣਕਾਰੀ ਅਨੁਸਾਰ ਘਟਨਾ ਸਮੇਂ ਰਸੋਈ 'ਚ ਸਿਰਫ ਪਿਓ-ਪੁੱਤ ਮੌਜੂਦ ਸਨ, ਜਦਕਿ ਪਤਨੀ ਪਸੂ ਚਾਰਨ ਗਈ ਹੋਈ ਸੀ। ਇਸ ਦੌਰਾਨ ਤੇਜ ਤੂਫਾਨ ਕਾਰਨ ਇੱਕ ਵਿਸਾਲ ਮੋਹੜੂ ਦਾ ਦਰੱਖਤ ਅਚਾਨਕ ਉੱਖੜ ਕੇ ਘਰ ਦੇ ਵਿਹੜੇ ਵਿੱਚ ਬਣੀ ਰਸੋਈ ਦੀ ਛੱਤ 'ਤੇ ਜਾ ਡਿੱਗਿਆ। ਹਾਦਸੇ 'ਚ ਘਰ ਦੇ ਮਾਲਕ 42 ਸਾਲਾ ਨਰਾਦ ਪੁੱਤਰ ਪਰਸ ਰਾਮ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਨਰਾਦ ਦਾ 16 ਸਾਲਾ ਪੁੱਤਰ ਵਿਨੈ ਕੁਮਾਰ ਜਖਮੀ ਹੋ ਗਿਆ। ਜਿਸ ਨੂੰ ਮੁੱਢਲੀ ਸਹਾਇਤਾ ਲਈ ਕਾਰਸੋਗ ਸਿਵਲ ਹਸਪਤਾਲ ਲਿਜਾਇਆ ਗਿਆ। ਨੌਜਵਾਨ ਦੀ ਹਾਲਤ ਠੀਕ ਦੱਸੀ ਜਾ ਰਹੀ ਹੈ। ਫਿਲਹਾਲ ਮ੍ਰਿਤਕ ਦਾ ਪੋਸਟਮਾਰਟਮ ਕਰਵਾਉਣ ਤੋਂ ਬਾਅਦ ਲਾਸ ਨੂੰ ਅੰਤਿਮ ਸੰਸਕਾਰ ਲਈ ਪਰਿਵਾਰਕ ਮੈਂਬਰਾਂ ਨੂੰ ਸੌਂਪ ਦਿੱਤਾ ਗਿਆ ਹੈ। ਗ੍ਰਾਮ ਪੰਚਾਇਤ ਮੁਖੀ ਮਾਸੋਗਲ ਮੂਰਤੂ ਦੇਵੀ ਨੇ ਦੱਸਿਆ ਕਿ ਨਾਰਦ ਦੇ ਪਰਿਵਾਰ ਵਿੱਚ ਸਿਰਫ ਚਾਰ ਮੈਂਬਰ ਸਨ। ਨਾਰਦ ਇੱਕ ਗਰੀਬ ਪਰਿਵਾਰ ਨਾਲ ਸਬੰਧ ਰੱਖਦਾ ਸੀ ਅਤੇ ਉਸਦਾ ਪਰਿਵਾਰ ਸਖਤ ਮਿਹਨਤ ਅਤੇ ਮਜਦੂਰੀ ਨਾਲ ਗੁਜਾਰਾ ਕਰਦਾ ਸੀ।

# 'ਮੋਦੀ ਜਿੱਤੇ ਤਾਂ ਉਹ ਸ਼ਾਹ ਨੂੰ ਬਣਾਉਣਗੇ ਪ੍ਰਧਾਨ ਮੰਤਰੀ, ਯੋਗੀ ਨੂੰ ਸੱਤਾ ਤੋਂ ਕਰ ਦੇਣਗੇ ਲਾਂਭੇ: ਕੇਜਰੀਵਾਲ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ, 11 ਮਈ। ਦਿੱਲੀ ਸਰਾਬ ਘਪਲਾ ਮਾਮਲੇ 'ਚ ਸੁਪਰੀਮ ਕੋਰਟ ਤੋਂ ਅੰਤਰਿਮ ਜਮਾਨਤ ਮਿਲਣ ਪਿੱਛੋਂ ਅਰਵਿੰਦ ਕੇਜਰੀਵਾਲ ਨੇ ਸ਼ਨੀਵਾਰ ਪਾਰਟੀ ਹੈੱਡਕੁਆਰਟਰ ਵਿਖੇ ਇਕ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੈਂ ਜੇਲ ਤੋਂ ਸਿੱਧਾ ਤੁਹਾਡੇ ਦਰਮਿਆਨ ਆ ਰਿਹਾ ਹਾਂ। 50 ਦਿਨਾਂ ਬਾਅਦ ਤੁਹਾਡੇ ਕੋਲ ਆ ਕੇ ਚੰਗਾ ਲੱਗਾ ਹੈ। ਕੇਜਰੀਵਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਆਮ ਆਦਮੀ ਪਾਰਟੀ ਨੂੰ ਕੁਚਲਣ ਤੇ ਤਬਾਹ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡੀ। ਮੋਦੀ ਨੇ ਬਹੁਤ ਖਤਰਨਾਕ ਮਿਸਨ ਸੁਰੂ ਕੀਤਾ ਹੈ। ਉਸ ਮਿਸਨ ਦਾ ਨਾਂ 'ਵਨ ਨੇਸਨ ਵਨ ਲੀਡਰ' ਹੈ। ਮੋਦੀ ਜੀ ਦੇਸ ਦੇ ਸਾਰੇ ਵਿਰੋਧੀ ਨੇਤਾਵਾਂ ਨੂੰ ਖਤਮ ਕਰਨਾ ਚਾਹੁੰਦੇ ਹਨ। ਸਾਰੇ ਵਿਰੋਧੀ ਨੇਤਾਵਾਂ ਨੂੰ ਜੇਲ ਭੇਜਿਆ ਜਾਏਗਾ। ਕੁਝ ਦਿਨਾਂ ਬਾਅਦ ਮਮਤਾ ਦੀਦੀ, ਤੇਜਸਵੀ ਯਾਦਵ, ਸਟਾਲਿਨ ਸਾਹਿਬ, ਪਿਨਰਾਈ ਵਿਜਯਨ ਤੇ ਊਧਵ ਠਾਕਰੇ ਵੀ ਜੇਲ 'ਚ ਹੋਣਗੇ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮੋਦੀ ਜੀ ਨੇ ਅਡਵਾਨੀ, ਮੁਰਲੀ ਮਨੋਹਰ ਜੋਸੀ, ਸੁਮਿਤਰਾ ਮਹਾਜਨ, ਸ਼ਿਵਰਾਜ ਪਾਟਿਲ, ਵਸੁੰਧਰਾ ਰਾਜੇ, ਮਨੋਹਰ ਲਾਲ ਖੱਟੜ ਤੇ ਰਮਨ ਸਿੰਘ ਵਰਗੇ ਨੇਤਾਵਾਂ ਦੀ ਸਿਆਸਤ ਨੂੰ ਖਤਮ ਕਰ ਦਿੱਤਾ ਹੈ। ਜੇ ਮੋਦੀ ਜੀ ਚੋਣਾਂ ਜਿੱਤ ਜਾਂਦੇ ਹਨ ਤਾਂ ਉਹ 2 ਮਹੀਨਿਆਂ ਅੰਦਰ ਉੱਤਰ ਪ੍ਰਦੇਸ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੂੰ ਬਦਲ ਦੇਣਗੇ। ਕੇਜਰੀਵਾਲ ਨੇ ਦਾਅਵਾ ਕੀਤਾ ਕਿ ਮੋਦੀ ਆਪਣੇ ਦੋਸਤ ਅਮਿਤ ਸਾਹ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਵੋਟਾਂ ਮੰਗ ਰਹੇ ਹਨ। ਭਾਜਪਾ ਨੇ ਨਵਾਂ ਪੋਸਟਰ ਜਾਰੀ ਕਰ ਕੇ ਆਮ ਆਦਮੀ ਪਾਰਟੀ ਦੇ ਮੁਖੀ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 'ਤੇ ਤਿੱਖਾ ਨਿਸਾਨਾ ਵਿੰਨ੍ਹਿਆ ਹੈ। ਭਾਜਪਾ ਦੀ ਦਿੱਲੀ ਇਕਾਈ ਨੇ ਆਪਣੇ ਅਧਿਕਾਰਤ ਸੋਸਲ ਮੀਡੀਆ ਪਲੇਟਫਾਰਮ 'ਤੇ ਨਵਾਂ ਪੋਸਟਰ ਜਾਰੀ ਕਰਨ ਦੇ ਨਾਲ ਹੀ ਆਉਣ ਵਾਲੇ ਦਿਨਾਂ 'ਚ ਆਮ ਆਦਮੀ ਪਾਰਟੀ ਨੂੰ 'ਖਾਲਿਸਤਾਨੀ ਫੰਡਿੰਗ' ਮਿਲਣ ਦਾ ਮੁੱਦਾ ਵੀ ਜੋਰਦਾਰ ਢੰਗ ਨਾਲ ਉਠਾਉਣ ਦਾ ਫੈਸਲਾ ਕੀਤਾ ਹੈ।



## ਹਰਿਆਣਾ 'ਚ 3 ਮਹੀਨਿਆਂ ਲਈ ਸਰਕਾਰ ਨਹੀਂ ਬਣਾਏਗੀ ਕਾਂਗਰਸ : ਭੂਪੇਂਦਰ ਹੁੱਡਾ

ਹਰਿਆਣਾ 11 ਮਈ। ਵਿਰੋਧੀ ਧਿਰ ਦੇ ਨੇਤਾ ਤੇ ਸਾਬਕਾ ਮੁੱਖ ਮੰਤਰੀ ਭੂਪੇਂਦਰ ਹੁੱਡਾ ਨੇ ਹਰਿਅਣਾ 'ਚ ਸਰਕਾਰ ਬਣਾਉਣ ਤੋਂ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਸ਼ੁੱਕਰਵਾਰ ਕਿਹਾ ਕਿ ਸਵਾਲ ਸਾਡੀ ਸਰਕਾਰ ਬਣਾਉਣ ਦਾ ਨਹੀਂ ਹੈ। ਵਿਧਾਨ ਸਭਾ ਚੋਣਾਂ ਨੇੜੇ ਆ ਗਈਆਂ ਹਨ। ਸਿਰਫ 3 ਮਹੀਨੇ ਲਈ ਸਰਕਾਰ ਨਹੀਂ ਬਣਾਈ ਜਾ ਸਕਦੀ। ਵਿਧਾਨ ਸਭਾ ਚੋਣਾਂ 'ਚ ਅਸੀਂ ਬਹੁਮਤ ਹਾਸਲ ਕਰਾਂਗੇ। ਉਨ੍ਹਾਂ ਦਾਅਵਾ ਕੀਤਾ ਕਿ ਇਸ ਵੇਲੇ 45 ਵਿਧਾਇਕ ਸਰਕਾਰ ਦੇ ਖ਼ਿਲਾਫ ਹਨ। ਕਾਂਗਰਸੀ ਵਿਧਾਇਕ ਰਾਜਪਾਲ ਨੂੰ ਮਿਲਣ ਗਏ ਸਨ ਪਰ ਉਹ ਨਹੀਂ ਮਿਲੇ। ਵਿਧਾਇਕਾਂ ਨੇ ਸਕੱਤਰ ਨੂੰ ਇਕ ਚਿੱਠੀ ਸੌਂਪੀ। ਇਸ ਦੌਰਾਨ ਕਾਂਗਰਸ ਦੇ ਸੂਬਾ ਪ੍ਰਧਾਨ ਉਦੇਭਾਨ ਨੇ ਦਿੱਲੀ 'ਚ ਕਿਹਾ ਕਿ ਭਾਜਪਾ ਆਪਣੀ ਸਰਕਾਰ ਨੂੰ ਬਚਾਉਣ ਲਈ 'ਹਾਰਸ ਟਰੇਡਿੰਗ' ਕਰ ਸਕਦੀ ਹੈ। ਇਸ ਲਈ ਫਲੋਰ ਟੈਸਟ ਹੋਣਾ ਚਾਹੀਦਾ ਹੈ। ਸਰਕਾਰ ਨੂੰ ਬਹੁਮਤ ਸਾਬਤ ਕਰਨਾ ਪਵੇਗਾ। ਜੇ ਉਹ ਅਜਿਹਾ ਨਹੀਂ ਕਰਦੀ ਤਾਂ ਰਾਸਟਰਪਤੀ ਰਾਜ ਲਾਇਆ ਜਾਣਾ ਚਾਹੀਦਾ ਹੈ। ਹਰਿਆਣਾ 'ਚ ਬਹੁਮਤ ਦੇ ਸੰਕਟ ਦਰਮਿਆਨ ਨਾਇਬ ਸਰਕਾਰ ਨੇ 15 ਮਈ ਨੂੰ ਕੈਬਨਿਟ ਦੀ ਬੈਠਕ ਬੁਲਾਈ ਹੈ। ਸੂਤਰਾਂ ਅਨੁਸਾਰ ਇਸ 'ਚ ਵਿਧਾਨ ਸਭਾ ਦਾ ਇਜਲਾਸ ਬੁਲਾਉਣ ਦਾ ਐਲਾਨ ਕੀਤਾ ਜਾ ਸਕਦਾ ਹੈ। ਭਾਜਪਾ ਦੇ ਕਰੀਬੀ ਸੂਤਰਾਂ ਮੁਤਾਬਕ ਜੇਜੇਪੀ ਦੇ ਤਿੰਨ ਬਾਗੀ ਵਿਧਾਇਕ ਸਰਕਾਰ ਨੂੰ ਡਿੱਗਣ ਤੋਂ ਰੋਕਣ ਲਈ ਅਸਤੀਫਾ ਦੇ ਸਕਦੇ ਹਨ। ਇਨ੍ਹਾਂ 'ਚ ਦੇਵੇਂਦਰ ਬਬਲੀ, ਰਾਮਨਿਵਾਸ ਸੂਰਜਾਖੇੜਾ ਅਤੇ ਜੋਗੀਰਾਮ ਸਿਹਾਗ ਹਨ।

## ਜੇਕਰ ਕੇਂਦਰ 'ਚ ਨਵੀਂ ਸਰਕਾਰ ਬਣੀ ਤਾਂ ਈ.ਵੀ.ਐੱਮ. ਨੂੰ ਨਦੀ 'ਚ ਸੁੱਟ ਦਿੱਤਾ ਜਾਵੇਗਾ : ਫਾਰੂਕ ਅਬਦੁੱਲਾ

**ਨਵਦੀਪ ਸਿੰਘ ਸਾਹਨੀ**

ਗਾਂਦਰਬਲ 11 ਮਈ। ਨੈਸ਼ਨਲ ਕਾਨਫਰੰਸ (ਐੱਨ.ਸੀ.) ਦੇ ਪ੍ਰਧਾਨ ਫਾਰੂਕ ਅਬਦੁੱਲਾ ਨੇ ਵੀਰਵਾਰ ਨੂੰ ਕਿਹਾ ਕਿ ਜੇਕਰ ਭਾਜਪਾ ਲੋਕ ਸਭਾ



ਚੋਣਾਂ ਹਾਰ ਜਾਂਦੀ ਹੈ ਤਾਂ ਨਵੀਂ ਸਰਕਾਰ ਚੋਣਾਂ 'ਚ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ (ਈ.ਵੀ.ਐੱਮ.) ਦਾ ਇਸਤੇਮਾਲ ਬੰਦ ਕਰ ਦੇਵੇਗੀ। ਅਬਦੁੱਲਾ ਨੇ ਕਿਹਾ ਕਿ ਈ.ਵੀ.ਐੱਮ. ਦਾ ਇਸਤੇਮਾਲ ਦੁਨੀਆ 'ਚ ਕਿਤੇ ਹੋਰ ਨਹੀਂ ਕੀਤਾ ਜਾ ਰਿਹਾ ਹੈ ਪਰ ਇੱਥੇ ਇਸ ਨੂੰ ਸਾਡੇ 'ਤੇ ਥੋਪਿਆ ਗਿਆ ਹੈ।" ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ,"ਅੱਲਾਹ ਨੇ ਚਾਹਿਆ ਤਾਂ ਜੇਕਰ ਦਿੱਲੀ 'ਚ ਨਵੀਂ ਸਰਕਾਰ ਆਈ ਤਾਂ ਇਨ੍ਹਾਂ ਮਸ਼ੀਨਾਂ ਨੂੰ ਨਦੀ 'ਚ ਸੁੱਟ ਦਿੱਤਾ ਜਾਵੇਗਾ।" ਅਬਦੁੱਲਾ ਨੇ ਇੱਥੇ ਮੱਧ ਕਸ਼ਮੀਰ ਜ਼ਿਲ੍ਹੇ 'ਚ ਇਕ ਜਨ ਸਭਾ ਨੂੰ ਸੰਬੋਧਨ ਕਰਦੇ ਹੋਏ ਕਿਹਾ,"ਇਹ ਮਸ਼ੀਨ ਚੋਰੀ ਦੀ ਮਸ਼ੀਨ ਹੈ। ਜਦੋਂ ਤੁਸੀਂ ਵੋਟ ਦੇਵੋ ਤਾਂ ਇਹ ਯਕੀਨੀ ਕਰ ਲਵੋ ਕਿ ਆਵਾਜ ਆਈ ਹੈ ਜਾਂ ਨਹੀਂ, ਲਾਈਟ ਜਗੀ ਹੈ ਜਾਂ ਨਹੀਂ। ਜੇਕਰ ਤੁਹਾਨੂੰ ਲਾਈਟ ਜਗਦੀ ਹੋਈ ਨਹੀਂ ਦਿੱਸੇ ਤਾਂ ਉੱਥੇ ਮੌਜੂਦ ਅਧਿਕਾਰੀਆਂ ਤੋਂ ਪੁੱਛੋ। ਡਰੋ ਨਹੀਂ। ਇਹ ਦੇਖਣ ਲਈ ਵੀਵੀਪੈਟ ਵੀ ਜਾਂਚ ਲਵੋ ਕਿ ਤੁਹਾਡਾ ਵੋਟ ਐੱਨ.ਸੀ. ਦੇ ਚੋਣ ਚਿੰਨ੍ਹ 'ਤੇ ਪਿਆ ਹੈ ਜਾਂ ਨਹੀਂ।" ਅਬਦੁੱਲਾ ਸ਼੍ਰੀਨਗਰ ਲੋਕ ਸਭਾ ਖੇਤਰ ਤੋਂ ਆਪਣੀ ਪਾਰਟੀ ਦੇ ਉਮੀਦਵਾਰ ਆਗਾ ਸਈਅਦ ਰੂਹੁਲਾਹ ਮੇਹਦੀ ਲਈ ਪ੍ਰਚਾਰ ਕਰ ਰਹੇ ਸਨ। ਸ਼੍ਰੀਨਗਰ ਚੋਣ ਖੇਤਰ ਤੋਂ ਮੌਜੂਦਾ ਸੰਸਦ ਮੈਂਬਰ ਅਬਦੁੱਲਾ ਇਸ ਵਾਰ ਸਿਹਤ ਕਾਰਨਾਂ ਕਰ ਕੇ ਚੋਣ ਨਹੀਂ ਲੜ ਰਹੇ ਹਨ। ਭਾਜਪਾ 'ਤੇ ਆਪਣਾ ਹਮਲਾ ਜਾਰੀ ਰੱਖਦੇ ਹੋਏ ਐੱਨ.ਸੀ. ਨੇਤਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਪਾਰਟੀ 'ਤੇ ਦੇਸ਼ 'ਚ ਨਫਰਤ ਫੈਲਾਉਣ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿ ਪੀ.ਐੱਮ. ਮੋਦੀ ਉਨ੍ਹਾਂ ਮੁੱਦਿਆਂ ਨੂੰ ਭੁੱਲ ਗਏ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ 2014 'ਚ ਸੀਨੀਅਰ ਅਹੁਦੇ ਤੱਕ ਪਹੁੰਚਾਇਆ ਸੀ। ਅਬਦੁੱਲਾ ਨੇ ਕਿਹਾ,"ਉਹ ਹੁਣ ਮਹਿੰਗਾਈ ਆਦਿ ਬਾਰੇ ਗੱਲ ਨਹੀਂ ਕਰਦੇ ਹਨ।"

## ਭਾਰਤ ਚੋਣ ਕਮਿਸ਼ਨ ਦੇ ਪੁਲਸ ਆਬਜ਼ਰਵਰ 13 ਮਈ ਨੂੰ ਪਹੁੰਚਣਗੇ ਜਲੰਧਰ

ਜਲੰਧਰ 11 ਮਈ। ਲੋਕ ਸਭਾ ਹਲਕਾ ਜਲੰਧਰ ਲਈ ਆਜਾਦ ਅਤੇ ਨਿਰਪੱਖ ਲੋਕ ਸਭਾ ਚੋਣਾਂ-2024 ਪ੍ਰਤੀ ਨਾਗਰਿਕਾਂ ਵਿੱਚ ਸੁਰੱਖਿਆ ਦੀ ਭਾਵਨਾ ਨੂੰ ਹੋਰ ਹੁਲਾਰਾ ਦੇਣ ਲਈ ਭਾਰਤ ਚੋਣ ਕਮਿਸ਼ਨ ਵੱਲੋਂ ਨਿਯੁਕਤ ਪੁਲਿਸ ਅਬਜਰਵਰ ਸ੍ਰੀ ਸਤੀਸ ਗਜਭੀਏ (ਆਈ. ਪੀ. ਐੱਸ.) 13 ਮਈ ਨੂੰ ਜਲੰਧਰ ਪਹੁੰਚ ਰਹੇ ਹਨ। ਉਹ ਜਿਮਖਾਨਾ ਕਲੱਬ ਜਲੰਧਰ ਵਿਖੇ ਠਹਿਰਨਗੇ। ਇਸ ਤੋਂ ਇਲਾਵਾ 14 ਮਈ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਤੱਕ ਸਰਕਟ ਹਾਊਸ ਜਲੰਧਰ ਵਿਖੇ ਚੋਣਾਂ ਸਬੰਧੀ ਸ਼ਿਕਾਇਤਾਂ ਸੁਣਨ ਲਈ ਮੌਜੂਦ ਰਹਿਣਗੇ। ਜੇਕਰ ਕੋਈ ਵੀ ਯੋਗ ਨਾਗਰਿਕ, ਜੋ ਚੋਣਾਂ ਲਈ ਨਾਮਜਦਗੀ ਪੱਤਰ ਦਾਖਲ ਕਰਨਾ ਚਾਹੁੰਦਾ ਹੈ ਪਰ ਖਤਰਾ ਮਹਿਸੂਸ ਕਰ ਰਿਹਾ ਹੈ ਜਾਂ ਨਾਮਜਦਗੀ ਪੱਤਰ ਭਰਨ ਤੋਂ ਰੋਕਿਆ ਜਾ ਰਿਹਾ ਹੈ ਤਾਂ ਉਹ ਉਨ੍ਹਾਂ ਨਾਲ ਮੋਬਾਇਲ ਨੰਬਰ 8699240504 'ਤੇ ਸਿੱਧਾ ਸੰਪਰਕ ਕਰ ਸਕਦਾ ਹੈ ਜਾਂ 14 ਮਈ ਨੂੰ ਆਪਣੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਵਿਅਕਤੀਗਤ ਤੌਰ 'ਤੇ ਮਿਲ ਸਕਦਾ ਹੈ।

## ਨੌਜਵਾਨਾਂ ਲਈ ਸਟਾਰਟਅੱਪ ਦੀ ਸ਼ੁਰੂਆਤ ਲਈ ਐਨ.ਜੀ.ਓ ਦੇ ਪ੍ਰਧਾਨ ਤੇਸਕੱਤਰ ਜਨਰਲ ਨੇ ਮਜੀਠੀਆ ਨਾਲ ਕੀਤੀ ਮੁਲਾਕਾਤ

ਜੈਤੋ 11 ਮਈ। ਪੰਜਾਬ ਰੂਰਲ ਡਿਵੈਲਪਮੈਂਟ ਸੋਸਾਇਟੀ (ਐਨ.ਜੀ.ਓ.) ਦੇ ਪ੍ਰਧਾਨ ਨਰਿੰਦਰ ਸਿੰਘ ਐਮ.ਜੀ.ਏ. ਅਤੇ ਸਕੱਤਰ ਜਨਰਲ ਦਮਨਜੀਤ ਸਿੰਘ ਨੇ ਸ੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਉਨ੍ਹਾਂ ਦੇ ਘਰ ਵਿਖੇ ਵਿਸੇਸ ਤੌਰ 'ਤੇ ਮੁਲਾਕਾਤ ਕੀਤੀ। ਇਸ ਮੀਟਿੰਗ ਦੌਰਾਨ, ਸੁਸਾਇਟੀ ਦੇ ਆਗੂਆਂ ਨਰਿੰਦਰ ਸਿੰਘ ਐਮ.ਜੀ.ਏ ਅਤੇ ਦਮਨਜੀਤ ਸਿੰਘ ਨੇ ਵੱਖ-ਵੱਖ ਪ੍ਰੋਜੈਕਟਾਂ ਰਾਹੀਂ ਕਿਸਾਨਾਂ ਦੀ ਆਮਦਨ ਨੂੰ ਉੱਚਾ ਚੁੱਕਣ ਅਤੇ ਨੌਜਵਾਨਾਂ ਨੂੰ ਸਸਕਤ ਬਣਾਉਣ 'ਤੇ ਆਪਣੇ ਐਨ.ਜੀ.ਓ ਦੇ ਉਦੇਸਾਂ ਬਾਰੇ ਚਾਨਣਾ ਪਾਇਆ। ਉਨ੍ਹਾਂ ਨੇ ਸਾਂਝੇ ਤੌਰ 'ਤੇ ਪ੍ਰਗਟ ਕੀਤਾ ਕਿ ਮੁੱਖ ਟੀਚਾ ਕਿਸਾਨਾਂ ਦੀ ਆਮਦਨ ਨੂੰ ਵਧਾਉਣਾ ਅਤੇ ਛੋਟੇ ਪੱਧਰ ਦੇ ਸਟਾਰਟਅੱਪ ਸੂਰੂ ਕਰਨ ਵਿੱਚ ਨੌਜਵਾਨਾਂ ਦਾ ਮੱਦਦ ਅਤੇ ਸਮਰਥਨ ਕਰਨਾ ਹੈ। ਉਨ੍ਹਾਂ ਨੇ ਕਿਹਾ ਕਿ ਸਾਡਾ ਐਨ.ਜੀ.ਓ ਪੰਜਾਬ ਦੇ ਕਿਸਾਨਾਂ ਨੂੰ ਅਰਬ ਅਤੇ ਹੋਰਨਾਂ ਦੇਸਾਂ ਦੀਆਂ ਮੰਡੀਆਂ ਵਿੱਚ ਸਿੱਧੇ ਨਿਰਯਾਤ ਦੇ ਮੌਕਿਆਂ ਦੀ ਸਹੂਲਤ ਪ੍ਰਦਾਨ ਕਰਨ ਵਿੱਚ ਸਹਾਇਤਾ ਕਰਦਾ ਹੈ, ਜਿਸ ਨਾਲ ਕਿਸਾਨ ਆਪਣੀ ਖੇਤੀਬਾੜੀ ਉਪਜਾਂ ਲਈ ਚੰਗੇ ਮੁਨਾਫਾ ਅਤੇ ਵਾਧਾ ਕਮਾ ਸਕਦੇ ਹਨ। ਇਸ ਮੌਕੇ ਸੁਸਾਇਟੀ ਦੇ ਅਹੁਦੇਦਾਰਾਂ ਨੇ ਖੇਤੀਬਾੜੀ ਅਰਥਚਾਰੇ ਨੂੰ ਹੁਲਾਰਾ ਦੇਣ ਅਤੇ ਸੂਬੇ ਦੀ ਆਰਥਿਕ ਸਥਿਤੀ ਨੂੰ ਮਜਬੂਤ ਕਰਨ ਲਈ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸਟਰੀ ਹਵਾਈ ਅੱਡੇ 'ਤੇ ਕਾਰਗੋ ਸਹੂਲਤ ਦੀ ਵਰਤੋਂ ਕਰਨ ਦੀ ਵਕਾਲਤ ਕੀਤੀ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਤੋਂ ਨਿਰਯਾਤ ਨੂੰ ਕੁਸਲਤਾ ਅਤੇ ਲਾਗਤ-ਪ੍ਰਭਾਵਸਾਲੀ ਢੰਗ ਨਾਲ ਚਲਾਉਣ ਲਈ ਮੁੰਬਈ ਅਤੇ ਗੁਜਰਾਤ ਦੀਆਂ ਸਮੁੰਦਰੀ ਬੰਦਰਗਾਹਾਂ 'ਤੇ ਅਨੁਕੂਲ ਨੀਤੀਆਂ ਬਣਾਉਣ ਲਈ ਤੁਰੰਤ ਕਾਰਵਾਈ ਕੀਤੀ ਜਾਵੇ। ਇਸ ਤੋਂ ਇਲਾਵਾ, ਉਨ੍ਹਾਂ ਨੇ ਬਿਕਰਮ ਸਿੰਘ ਮਜੀਠੀਆ ਨੂੰ ਬੇਨਤੀ ਕੀਤੀ ਕਿ ਉਹ ਸਥਾਨਕ ਬਰਾਮਦਕਾਰਾਂ ਨੂੰ ਦਰਪੇਸ ਨਿਰਯਾਤ ਸੰਬੰਧੀ ਚੁਣੌਤੀਆਂ ਨੂੰ ਹੱਲ ਕਰਨ ਲਈ ਅੰਮ੍ਰਿਤਸਰ ਵਿੱਚ ਡਾਇਰੈਕਟੋਰੇਟ ਜਨਰਲ ਆਫ ਫਾਰੇਨ ਟਰੇਡ (ਡੀਜੀਐਫਟੀ) ਦਾ ਦਫਤਰ ਸਥਾਪਤ ਕਰਨ ਲਈ ਪੁਰਜੋਰ ਸਮਰਥਨ ਲਈ ਕੇਂਦਰ ਸਰਕਾਰ ਕੋਲ ਮੁੱਦਾ ਚੁੱਕਣ। ਇਸ ਸੰਬੰਧ ਵਿੱਚ, ਮਜੀਠੀਆ ਨੇ ਸੁਸਾਇਟੀ ਦੀਆਂ ਬੇਨਤੀਆਂ ਨੂੰ ਸੰਬੋਧਿਤ ਕਰਨ ਵਿੱਚ ਪੂਰਾ ਸਮਰਥਨ ਦੇਣ ਦਾ ਭਰੋਸਾ ਦਿੱਤਾ ਅਤੇ ਪੰਜਾਬ ਦੇ ਕਿਸਾਨਾਂ ਅਤੇ ਨੌਜਵਾਨਾਂ ਦੀ ਬਹਿਤਰੀ ਲਈ ਕੰਮ ਕਰਨ ਲਈ ਹਮੇਸਾ ਵਚਨਬੱਧ ਰਹਿਣ ਦਾ ਭਰੋਸਾ ਦਿੱਤਾ।

## 'ਅਸੀਂ ਔਰੰਗਜੇਬ ਨੂੰ ਦਫਨਾ ਦਿੱਤਾ ਤਾਂ ਮੋਦੀ ਕੀ ਚੀਜ ਹਨ': ਸੰਜੇ ਰਾਊਤ

**ਤੇਜਿੰਦਰ ਕੌਰ ਬੱਬਰ**

ਮੁੰਬਈ 11 ਮਈ। ਸ਼ਿਵ ਸੈਨਾ (ਯੂਬੀਟੀ) ਦੇ ਨੇਤਾ ਸੰਜੇ ਰਾਊਤ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਅਸੀਂ ਮਹਾਰਾਸ਼ਰ ਦੇ ਲੋਕਾਂ ਨੇ ਇੱਥੇ ਦੀ ਧਰਤੀ 'ਤੇ ਜਦੋਂ ਔਰੰਗਜੇਬ ਨੂੰ ਦਫਨਾ ਦਿੱਤਾ ਤਾਂ ਮੋਦੀ ਕੀ ਚੀਜ ਹੈ। ਰਾਊਤ ਨੇ ਇਹ ਗੱਲ ਵੀਰਵਾਰ ਨੂੰ ਅਹਿਮਦਨਗਰ 'ਚ ਇਕ ਚੋਣ ਸਭਾ ਨੂੰ ਸੰਬੋਧਨ ਕਰਦੇ ਹੋਏ ਕਹੀ। ਰਾਊਤ ਨੇ ਕਿਹਾ ਕਿ ਔਰੰਗਜੇਬ ਦਾ ਜਨਮ ਨਰਿੰਦਰ ਮੋਦੀ ਦੇ ਪਿੰਡ 'ਚ ਹੋਇਆ ਸੀ, ਤੁਸੀਂ ਇਤਿਹਾਸ ਦੇਖੋ। ਅਹਿਮਦਾਬਾਦ ਦੇ ਨਾਲ ਦਾਹੋਦ ਨਾਂ ਦਾ ਪਿੰਡ ਹੈ, ਜਿੱਥੇ ਔਰੰਗਜੇਬ ਦਾ ਜਨਮ ਹੋਇਆ ਸੀ। ਗੁਜਰਾਤ 'ਚ ਔਰੰਗਜੇਬ ਦਾ ਜਨਮ ਹੋਇਆ ਸੀ, ਇਸ ਲਈ ਉਹ (ਮੋਦੀ) ਸਾਡੇ ਨਾਲ ਔਰੰਗਜੇਬ ਵਰਗਾ ਰਵੱਈਆ ਕਰ ਰਹੇ ਹਨ ਪਰ ਯਾਦ ਰਹੇ ਇਕ ਔਰੰਗਜੇਬ ਨੂੰ ਮਹਾਰਾਸ਼ਟਰ ਦੀ ਇਸ ਧਰਤੀ 'ਚ ਦਫਨਾ ਚੁੱਕੇ ਹਾਂ। ਔਰੰਗਜੇਬ 27 ਸਾਲਾਂ ਤੱਕ ਮਹਾਰਾਸ਼ਟਰ ਨੂੰ



ਜਿੱਤਣ ਲਈ ਇਸ ਧਰਤੀ 'ਤੇ ਲੜਦਾ ਰਿਹਾ। ਅੰਤ 'ਚ ਅਸੀਂ ਮਹਾਰਾਸ਼ਟਰ ਦੀ ਧਰਤੀ 'ਤੇ ਹੀ ਉਸ ਦੀ ਕਬਰ ਖੋਦ ਕੇ ਉਸ ਨੂੰ ਇੱਥੇ ਦਫਨਾ ਦਿੱਤਾ ਤਾਂ ਨਰਿੰਦਰ ਮੋਦੀ ਕੀ ਚੀਜ ਹਨ। ਇਹ ਮਰਾਠਾਵਾਂ ਦਾ ਇਤਿਹਾਸ ਹੈ, ਇਹ ਮਰਾਠੀ ਇਤਿਹਾਸ ਹੈ। ਦੱਸਣਯੋਗ ਹੈ ਕਿ ਸੰਜੇ ਰਾਊਤ ਅਤੇ ਉਨ੍ਹਾਂ ਦੀ ਪਾਰਟੀ ਦੇ ਪ੍ਰਧਾਨ ਊਧਵ ਠਾਕਰੇ ਇਸ ਤੋਂ ਪਹਿਲਾਂ ਵੀ ਪ੍ਰਧਾਨ ਮੰਤਰੀ ਦੀ ਤੁਲਨਾ ਕਦੇ ਔਰੰਗਜੇਬ ਨਾਲ ਤਾਂ ਕਦੇ ਅਫਜਲ ਖਾਨ ਨਾਲ ਕਰਦੇ ਰਹੇ ਹਨ। 2 ਮਹੀਨੇ ਪਹਿਲਾਂ ਵੀ ਸੰਜੇ ਰਾਊਤ ਨੇ ਕਿਹਾ ਸੀ ਕਿ ਛਤਰਪਤੀ ਸ਼ਿਵਾਜੀ ਮਹਾਰਾਸ਼ਟਰ 'ਚ ਪੈਦਾ ਹੋਏ, ਜਦੋਂ ਕਿ ਔਰੰਗਜੇਬ ਗੁਜਰਾਤ 'ਚ ਪੈਦਾ ਹੋਇਆ ਸੀ। ਗੁਜਰਾਤ 'ਚ ਜਿੱਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਜਨਮ ਹੋਇਆ ਸੀ, ਉਸੇ ਨੇੜੇ ਔਰੰਗਜੇਬ ਪੈਦਾ ਹੋਇਆ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਲ-ਨਾਲ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ 'ਤੇ ਵੀ ਨਿਸ਼ਾਨਾ ਵਿੰਨ੍ਹਦੇ ਹੋਏ ਰਾਊਤ ਨੇ ਕਿਹਾ ਕਿ ਗੁਜਰਾਤ 'ਚ ਔਰੰਗਜੇਬ ਦਾ ਜਨਮ ਹੋਇਆ, ਇਸ ਲਈ ਉਹ ਮਿੱਟੀ ਔਰੰਗਜੇਬ ਦੀ ਹੈ।



# ਹੱਡ ਚੀਰਵੀਂ ਠੰਡ 'ਚ ਸਕੂਲਾਂ ਨੂੰ ਪੁੱਜੇ ਵਿਦਿਆਰਥੀ, ਸਰਕਾਰੀ ਹੁਕਮਾਂ ਦੇ ਬਾਵਜੂਦ ਵੀ ਖੁੱਲ੍ਹੇ ਰਹੇ ਜਿਆਦਾਤਰ ਸਕੂਲ

ਅੰਮ੍ਰਿਤਸਰ 11 ਮਈ। ਹੱਡ ਚੀਰਵੀਂ ਠੰਡ ਕਾਰਨ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਛੁੱਟੀ ਦੇ ਐਲਾਨ ਨੂੰ ਜ਼ਿਲ੍ਹਾ ਅੰਮ੍ਰਿਤਸਰ ਵਿਚ ਲਾਗੂ ਕਰਵਾਉਣ ਵਿਚ ਸਿੱਖਿਆ ਵਿਭਾਗ ਬੁਰੀ ਤਰ੍ਹਾਂ ਪਹਿਲੇ ਦਿਨ ਫੇਲ ਸਾਬਤ ਹੋਇਆ ਹੈ। ਜ਼ਿਲ੍ਹੇ ਦੇ ਜ਼ਿਆਦਾਤਰ ਪ੍ਰਾਈਵੇਟ ਸਕੂਲਾਂ ਵੱਲੋਂ ਸਰਕਾਰ ਅਤੇ ਵਿਭਾਗ ਦੇ ਹੁਕਮਾਂ ਨੂੰ ਟਾਲਦਿਆਂ ਹੋਇਆ ਸਰੇਆਮ ਛੋਟੇ ਬੱਚਿਆਂ ਨੂੰ ਹੱਡ ਚੀਰਵੀਂ ਠੰਡ ਦੌਰਾਨ ਸਕੂਲਾਂ ਵਿਚ ਬੁਲਾਇਆ, ਕਈ ਸਕੂਲ ਤਾਂ ਅਜਿਹੇ ਵੀ ਦਿਖਾਈ ਦਿੱਤੇ, ਜਿਨ੍ਹਾਂ ਦੀ ਪਹੁੰਚ ਸਰਕਾਰੇ-ਦਰਬਾਰੇ ਹੋਣ ਕਰ ਕੇ ਉਹ ਵਿਭਾਗ ਨੂੰ ਸਰੇਆਮ ਚੈਲੇਂਜ ਕਰਦਿਆਂ ਧੜੱਲੇ ਨਾਲ ਸਕੂਲ ਲਗਾ ਰਹੇ ਸਨ। ਵਿਭਾਗ ਦੀ ਲਾਪ੍ਰਵਾਹੀ ਕਾਰਨ ਵਿਦਿਆਰਥੀਆਂ ਦੇ ਮਾਪਿਆਂ ਵਿਚ ਜਿੱਥੇ ਭਾਰੀ ਰੋਸ ਪਾਇਆ ਜਾ ਰਿਹਾ ਹੈ, ਉੱਥੇ ਹੀ ਜ਼ਿਲ੍ਹੇ ਵਿਚ ਸਰਕਾਰ ਦੇ ਹੁਕਮ ਨਾ ਲਾਗੂ ਕਰਾਉਣ ਅਤੇ ਅਧਿਕਾਰੀਆਂ ਦੀ ਕਾਰਗੁਜਾਰੀ 'ਤੇ ਵੀ ਪ੍ਰਸ਼ਨ ਚਿੰਨ ਲੱਗ ਰਹ ਹਨ। ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਵੱਲੋਂ ਹੱਡ ਚੀਰਵੀਂ ਠੰਡ ਦੌਰਾਨ ਨਰਸਰੀ ਤੋਂ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ 14 ਜਨਵਰੀ ਤੱਕ ਸਕੂਲਾਂ ਵਿਚ ਛੁੱਟੀਆਂ ਕਰਨ ਦਾ ਐਲਾਨ ਕੀਤਾ ਗਿਆ ਹੈ। ਇਹ ਹੁਕਮ ਸਰਕਾਰੀ ਅਤੇ ਗੈਰ ਸਰਕਾਰੀ ਸਕੂਲਾਂ 'ਤੇ ਲਾਗੂ ਹਨ। ਹਾਲਾਤ ਅਜਿਹੇ ਹਨ ਕਿ ਪਹਿਲੇ ਦਿਨ ਹੀ ਵਿਭਾਗ ਸਰਕਾਰੀ ਹੁਕਮਾਂ ਨੂੰ ਹੇਠਲੇ ਪੱਧਰ 'ਤੇ ਲਾਗੂ ਨਹੀਂ ਕਰਵਾ ਸਕਿਆ। ਸਵੇਰੇ ਵਿਦਿਆਰਥੀ ਠਰਦੇ ਹੋਏ ਸਕੂਲਾਂ ਵਿਚ ਜਾਂਦੇ ਹੋਏ ਦਿਖਾਈ ਦਿੱਤੇ। ਬਟਾਲਾ ਰੋਡ ਸਥਿਤ ਇਕ ਸਕੂਲ ਤਾਂ ਅਜਿਹਾ ਸੀ ਜਿਥੇ ਬੱਚਿਆਂ ਦੇ ਮਾਪਿਆਂ ਦੀ ਸ਼ਿਕਾਇਤ 'ਤੇ ਜਦੋਂ ਜਗ ਬਾਣੀ ਵੱਲੋਂ ਸਬੰਧਤ ਸਕੂਲ ਨੂੰ ਛੋਟੇ ਬੱਚਿਆਂ ਨੂੰ ਬੁਲਾਉਣ ਸਬੰਧੀ ਗੱਲਬਾਤ ਕੀਤੀ ਗਈ ਤਾਂ ਫੋਨ ਦੇ ਕੁਝ ਮਿੰਟ ਬਾਅਦ ਹੀ ਸਕੂਲ ਵਿਚ ਛੁੱਟੀ ਕਰ ਦਿੱਤੀ ਗਈ। ਵਿਦਿਆਰਥੀਆਂ ਦੇ ਵਾਰਿਸਾਂ ਨੇ ਆਪਣਾ ਨਾਂ ਨਾ ਛਾਪਣ 'ਤੇ ਦੱਸਿਆ ਕਿ ਅੱਜ ਤੋਂ ਸਕੂਲਾਂ ਵਿਚ ਕੀਤੀਆਂ ਗਈਆਂ ਸਰਕਾਰੀ ਤੌਰ 'ਤੇ ਛੁੱਟੀਆ ਦੇ ਬਾਵਜੂਦ ਬਟਾਲਾ ਰੋਡ ਵਿਖੇ ਰੋਜ਼ਾਨਾ ਦੀ ਤਰ੍ਹਾਂ ਸਕੂਲ ਖੋਲ੍ਹਿਆ ਗਿਆ ਅਤੇ ਕਲਾਸਾਂ ਵੀ ਲਗਾਈਆਂ ਗਈਆਂ। ਸਕੂਲ ਜਾ ਰਹੇ ਕੁਝ ਵਿਦਿਆਰਥੀਆਂ ਨੇ ਦੱਸਿਆ ਕਿ ਸਕੂਲ ਅਧਿਆਪਕਾਂ ਨੇ ਉਨ੍ਹਾਂ ਨੂੰ ਖੁਦ ਸਕੂਲ ਬੁਲਾਇਆ ਹੈ। ਦੂਸਰੇ ਪਾਸੇ ਸੁਲਤਾਨਵਿੰਡ ਰੋਡ, ਮਜੀਠਾ ਰੋਡ, ਅਜਨਾਲਾ ਰੋਡ ਅਤੇ ਦਿਹਾਤੀ ਖੇਤਰਾਂ ਵਿਚ ਵਧੇਰੇ ਥਾਵਾਂ 'ਤੇ ਰੋਜਾਨਾਂ ਦੀ ਤਰ੍ਹਾਂ ਸਕੂਲ ਲੱਗੇ ਹੋਏ ਦਿਖਾਈ ਦਿੱਤੇ। ਦਿਹਾਤੀ ਖੇਤਰਾਂ ਵਿਚ ਤਾਂ ਅਜਿਹੇ ਹਾਲਾਤ ਸਨ ਕਿ ਭਾਰੀ ਧੁੰਦ ਵਿਚ ਬੱਚੇ ਸਕੂਲਾਂ ਵਿਚ ਜਾ ਰਹੇ ਸਨ। ਪਿਛਲੇ ਸਮੇਂ ਦੌਰਾਨ ਵੀ ਸਰਕਾਰ ਵੱਲੋਂ ਠੰਡ ਦੌਰਾਨ ਛੁੱਟੀਆਂ ਕਰ ਦਿੱਤੀਆਂ ਗਈਆਂ ਸਨ। ਉਸ ਸਮੇਂ ਕਈ ਸਕੂਲਾਂ ਵਿਚ ਹਾਦਸੇ ਵਾਪਰਨ ਕਾਰਨ ਛੁੱਟੀਆਂ ਕੀਤੀਆਂ ਗਈਆਂ ਸਨ ਪਰ ਹੁਣ ਲੱਗਦਾ ਹੈ ਕਿ ਦੁਬਾਰਾ ਸਰਕਾਰ ਜਾਂ ਵਿਭਾਗ ਹਾਦਸੇ ਦੀ ਉਡੀਕ ਕਰ ਰਿਹਾ ਹੈ, ਤਾਂ ਹੀ ਆਪਣੇ ਹੁਕਮ ਲਾਗੂ ਕਰਨ ਵਿਚ ਸਿੱਖਿਆ ਵਿਭਾਗ ਅਸਫਲ ਸਾਬਿਤ ਹੋ ਰਿਹਾ ਹੈ। ਇਸ ਸਬੰਧੀ ਸਮਾਜ ਸੇਵਕ ਪੰਡਿਤ ਰਾਕੇਸ ਸਰਮਾ ਅਤੇ ਮਹੰਤ ਰਮੇਸ ਨੰਦ ਸਰਸਵਤੀ ਨੇ ਕਿਹਾ ਕਿ ਠੰਡ ਕਾਰਨ ਹੀ ਸਰਕਾਰ ਵੱਲੋਂ ਸਕੂਲਾਂ ਵਿਚ ਛੁੱਟੀਆਂ ਕੀਤੀਆਂ ਗਈਆਂ ਹਨ। ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਵਾਉਣਾ ਸਿੱਖਿਆ ਵਿਭਾਗ ਦਾ ਕੰਮ ਹੈ ਪਰ ਪਹਿਲੇ ਦਿਨ ਹੁਕਮਾਂ ਦੀ ਪਾਲਣਾ ਨਹੀਂ ਹੋਈ ਹੈ। ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਚਾਹੀਦਾ ਹੈ ਕਿ ਠੰਡ ਨੂੰ ਮੱਦੇਨਜਰ ਰੱਖਦੇ ਕੋਈ ਅਣਸੁਖਾਵੀ ਘਟਨਾ ਨਾ ਵਾਪਰੇ ਇਸ ਲਈ ਸਮੇਂ ਰਹਿੰਦਿਆਂ ਸਕੂਲਾਂ ਨੂੰ ਬੰਦ ਕਰਵਾਉਣਾ ਚਾਹੀਦਾ ਹੈ ਤਾਂ ਜੋ 14 ਜਨਵਰੀ ਤੋਂ ਬਾਅਦ ਸਕੂਲ ਲੱਗ ਸਕਣ। ਉਨ੍ਹਾਂ ਕਿਹਾ ਕਿ ਇਸ ਸੰਬੰਧ ਵਿੱਚ ਸਿੱਖਿਆ ਮੰਤਰੀ ਨੂੰ ਵੀ ਉਹ ਸ਼ਿਕਾਇਤ ਕਰਨ ਜਾ ਰਹੇ। ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸੁਸੀਲ ਕੁਮਾਰ ਤੁਲੀ ਨੇ ਕਿਹਾ ਕਿ ਸਰਕਾਰ ਦੇ ਹੁਕਮਾਂ ਦੀ ਇੰਨ- ਬਿੰਨ ਪਾਲਣਾ ਜ਼ਿਲ੍ਹੇ ਵਿਚ ਕਰਵਾਈ ਜਾ ਰਹੀ ਹੈ। ਅੱਜ ਚਾਰ ਸਕੂਲਾਂ ਦੀ ਸ਼ਿਕਾਇਤ ਪੁੱਜੀ ਸੀ, ਜਿਨ੍ਹਾਂ ਵਿਚ ਤੁਰੰਤ ਟੀਮਾਂ ਭੇਜ ਕੇ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜਿਹੜੇ ਸਕੂਲ ਹੁਕਮਾਂ ਦੀ ਪਾਲਣਾ ਨਹੀਂ ਕਰਨਗੇ, ਉਨ੍ਹਾਂ ਦੀ ਮਾਨਤਾ ਰੱਦ ਕਰਨ ਲਈ ਸਰਕਾਰ ਨੂੰ ਸਿਫਾਰਿਸ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਸੰਬੰਧ ਵਿਚ ਜ਼ਿਲ੍ਹੇ ਵਿਚ ਵੱਖ-ਵੱਖ ਟੀਮਾਂ ਪ੍ਰਿੰਸੀਪਲਾਂ ਦੀਆਂ ਅਗਵਾਈ ਵਿਚ ਬਣਾ ਦਿੱਤੀਆਂ ਗਈਆਂ ਹਨ। ਸਿੱਖਿਆ ਵਿਭਾਗ ਤੋਂ ਸ਼ਿਕਾਇਤ ਪਹੁੰਚਣ ਦੇ ਟੀਮਾਂ ਕੁਝ ਹੀ ਸਮੇਂ ਵਿਚ ਸਕੂਲ ਵਿੱਚ ਪੁੱਜ ਜਾਣਗੀਆਂ। ਜੇਕਰ ਜਾਂਚ ਵਿੱਚ ਸਕੂਲ ਵਿੱਚ ਬੱਚੇ ਪਾਏ ਗਏ ਤਾਂ ਉਨ੍ਹਾਂ ਦੇ ਖ਼ਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਵਾਉਣ ਲਈ ਪੱਤਰ ਵੀ ਸਕੂਲਾਂ ਨੂੰ ਜਾਰੀ ਕਰ ਦਿੱਤਾ ਗਿਆ ਹੈ।

## ਕੇਬਲ ਨੈੱਟਵਰਕ ਦੇ ਮਾਲਕ ਤੇ ਟਰਾਂਸਪੋਰਟਰ ਖਿਲਾਫ ਨਹੀਂ ਹੋਵੇਗੀ ਕੋਈ ਕਾਰਵਾਈ : ਹਾਈਕੋਰਟ

ਚੰਡੀਗੜ੍ਹ/ਮੰਡੀ ਗੋਬਿੰਦਗੜ੍ਹ 11 ਮਈ। ਪੰਜਾਬ ਦੇ ਕੇਬਲ ਨੈੱਟਵਰਕ ਫਾਸਟਵੇਅ ਦੇ ਡਾਇਰੈਕਟਰ ਅਤੇ ਜੁਝਾਰ ਟਰਾਂਸਪੋਰਟ ਦੇ ਮਾਲਕ ਗੁਰਦੀਪ ਸਿੰਘ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਤੋਂ ਵੱਡੀ ਰਾਹਤ ਮਿਲੀ ਹੈ। ਪੰਜਾਬ ਵਿਚ ਕਿਤੇ ਵੀ ਉਸ ਖ਼ਿਲਾਫ ਕੋਈ ਐੱਫ. ਆਈ. ਆਰ. ਦਰਜ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਪਹਿਲਾਂ ਦਰਜ ਹੋਏ ਕੇਸਾਂ ਵਿਚ ਕੋਈ ਕਾਰਵਾਈ ਹੋਵੇਗੀ। ਹਾਈਕੋਰਟ ਨੇ ਇਹ ਹੁਕਮ ਗੁਰਦੀਪ ਸਿੰਘ ਵਲੋਂ ਦਾਇਰ ਪਟੀਸਨ 'ਤੇ ਸੁਣਵਾਈ ਕਰਦਿਆਂ ਦਿੱਤੇ ਹਨ। ਪਟੀਸਨ ਵਿਚ ਦੋਸ ਲਾਇਆ ਗਿਆ ਕਿ ਸਿਆਸੀ ਬਦਲਾਖੋਰੀ ਕਾਰਣ ਉਸ 'ਤੇ ਥਾਂ-ਥਾਂ 'ਤੇ ਝੂਠੀ ਐੱਫ. ਆਈ. ਆਰ. ਦਰਜ ਕੀਤੀ ਜਾ ਰਹੀ ਹੈ ਅਤੇ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ। ਉਸ ਨੇ ਖਦਸਾ ਪ੍ਰਗਟਾਇਆ ਸੀ ਕਿ ਭਵਿੱਖ ਵਿਚ ਉਸ ਖ਼ਿਲਾਫ ਹੋਰ ਵੀ ਕੇਸ ਦਰਜ ਕੀਤੇ ਜਾ ਸਕਦੇ ਹਨ।

## ਟਾਟਾ ਸਟਾਰਬਕਸ ਨੇ 2028 ਤੱਕ ਸਟੋਰਾਂ ਦੀ ਗਿਣਤੀ ਵਧਾ ਕੇ 1,000 ਕਰਨ ਦੀ ਬਣਾਈ ਯੋਜਨਾ

ਨਵੀਂ ਦਿੱਲੀ 11 ਮਈ। ਨੇ ਭਾਰਤ ਵਿਚ ਸਾਲ 2028 ਤੱਕ ਆਪਣੇ ਸਟੋਰਾਂ ਦੀ ਗਿਣਤੀ 1000 ਤੱਕ ਵਧਾਉਣ, ਹਰ ਤਿੰਨ ਦਿਨ ਵਿਚ ਇਕ ਨਵਾਂ ਸਟੋਰ ਖੋਲ੍ਹਣ ਅਤੇ ਕਰਮਚਾਰੀਆਂ ਦੀ ਗਿਣਤੀ ਵੀ ਦੁੱਗਣੀ ਕਰਨ ਦੀ ਯੋਜਨਾ ਬਣਾਈ ਹੈ। ਕੰਪਨੀ ਨੇ ਅੱਜ ਇਸ ਸਬੰਧੀ ਐਲਾਨ ਕਰਦੇ ਹੋਏ ਕਿਹਾ ਕਿ ਇਸ ਤੋਂ ਪਹਿਲਾਂ ਨਵੰਬਰ ਵਿਚ ਲੰਬੇ ਸਮੇਂ ਦੀ ਟ੍ਰਿਪਲ ਸ਼ਾਟ ਰੀਇਨਵੈਨਸ਼ਨ ਰਣਨੀਤੀ ਪੇਸ਼ ਕੀਤੀ ਸੀ। ਇਸ ਰਣਨੀਤੀ ਦਾ ਪੂਰਾ ਧਿਆਨ ਸਥਾਨਕ ਭਾਈਵਾਲਾਂ ਨੂੰ ਰੁਜਗਾਰ ਕਰਨ ਲਈ ਤਿਆਰ ਕਰਨ, ਬਿਹਤਰ ਅਨੁਭਵ ਨਾਲ ਗਾਹਕਾਂ ਨੂੰ ਸੇਵਾਵਾਂ ਦੇਣ ਵਾਲੇ ਨਵੇਂ ਸਟੋਰਾਂ ਦੀ ਸ਼ੁਰੂਆਤ ਕਰਨ ਵੱਲ ਹੈ। ਇਸ ਦੇ ਨਾਲ ਹੀ ਕੰਪਨੀ ਦੁਨੀਆ ਭਰ ਵਿਚ ਸਟਾਰਬਕਸ ਦੇ ਗਾਹਕਾਂ ਵਿਚਕਾਰ ਭਾਰਤੀ ਮੂਲ ਦੀ ਕੌਫੀ ਨੂੰ ਉਤਸ਼ਾਹਿਤ




ਕਰਨਾ ਚਾਹੁੰਦੀ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਸਟਾਰਬਕਸ ਦੇ ਵਿਸਵ ਵਿੱਚ ਸਭ ਤੋਂ ਤੇਜੀ ਨਾਲ ਵਧ ਰਹੇ ਬਾਜਾਰਾਂ ਵਿੱਚੋਂ ਇੱਕ ਹੈ। ਇਸ ਰਣਨੀਤਕ ਮਹੱਤਤਾ ਦੇ ਕਾਰਨ ਕੰਪਨੀ ਆਉਣ ਵਾਲੇ ਦਿਨਾਂ ਵਿੱਚ ਭਾਰਤ ਵਿੱਚ ਆਪਣੀ ਮੌਜੂਦਗੀ ਦੁੱਗਣੀ ਕਰਨ ਜਾ ਰਹੀ ਹੈ। ਸਟਾਰਬਕਸ ਕੌਫੀ ਕੰਪਨੀ ਅਤੇ ਟਾਟਾ ਕੰਜ਼ਿਊਮਰ ਪ੍ਰੋਡਕਟਸ ਲਿਮਟਿਡ ਵਿਚਕਾਰ ਸਾਂਝੇ ਉੱਦਮ ਦੁਆਰਾ 2012 ਵਿੱਚ ਸ਼ੁਰੂ ਕੀਤਾ ਗਿਆ। ਟਾਟਾ ਸਟਾਰਬਕਸ ਹੁਣ 54 ਭਾਰਤੀ ਸਹਿਰਾਂ ਵਿੱਚ ਲਗਭਗ 4,300 ਕਰਮਚਾਰੀਆਂ ਨੂੰ ਰੁਜਗਾਰ ਦੇਣ ਵਾਲੇ 390 ਤੋਂ ਵੱਧ ਸਟੋਰਾਂ ਦਾ ਸੰਚਾਲਨ ਕਰਦਾ ਹੈ। ਦੱਸ ਦੇਈਏ ਕਿ ਕੰਪਨੀ ਸਾਲ 2028 ਤੱਕ ਸਟੋਰਾਂ ਦੀ ਗਿਣਤੀ 1,000 ਤੱਕ ਲਿਜਾਣ ਦੇ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਲਈ ਆਪਣੇ ਕਰਮਚਾਰੀਆਂ ਦੀ ਗਿਣਤੀ ਦੁੱਗਣੀ ਕਰ ਕੇ 8,600 ਕਰਨ ਦੀ ਤਿਆਰੀ ਵਿਚ ਹੈ। ਕੰਪਨੀ ਟੀਅਰ 2 ਅਤੇ ਟੀਅਰ 3 ਭਾਰਤੀ ਸਹਿਰਾਂ ਤੱਕ ਪਹੁੰਚਣ, ਡਰਾਈਵ-ਥਰੂ, ਹਵਾਈ ਅੱਡਿਆਂ ਅਤੇ ਇਸ ਦੇ 24-ਘੰਟੇ ਸਟੋਰਾਂ ਨੂੰ ਹਰ ਜਗ੍ਹਾ ਗਾਹਕਾਂ ਦੀ ਸੇਵਾ ਕਰਨ ਲਈ ਵਿਸਤਾਰ ਕਰਨ ਦੀ ਯੋਜਨਾ ਬਣਾ ਰਹੀ ਹੈ।

## ਵਿਦੇਸ਼ ਤੋਂ ਆਈ ਮੰਦਭਾਗੀ ਖਬਰ ! ਜਲੰਧਰ ਦੇ ਨੌਜਵਾਨ ਦਾ ਬੇਰਹਿਮੀ ਨਾਲ ਕਤਲ

ਜਲੰਧਰ 11 ਮਈ। ਹਲਕਾ ਜਲੰਧਰ ਕੈਂਟ ਦੇ ਕਸਬਾ ਜਮਸ਼ੇਰ ਦੀ ਪੱਤੀ ਸੇਖੋਂ ਦੇ ਰਹਿਣ ਵਾਲੇ 34 ਸਾਲਾ ਇਕ ਨੌਜਵਾਨ ਦੀ ਦੁਬਈ ਵਿਚ ਹੱਤਿਆ ਕਰ ਦਿੱਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਪਛਾਣ ਪੰਕਜ ਡੌਲ ਵਜੋਂ ਹੋਈ ਹੈ। ਉਸ ਦੀ ਮੌਤ ਦੀ ਸੂਚਨਾ ਉਸ ਨਾਲ ਦੁਬਈ ਵਿਚ ਰਹਿੰਦੇ ਉਸ ਦੇ ਛੋਟੇ ਭਰਾ ਗੁਰਪ੍ਰੀਤ ਗੋਪੀ ਡੌਲ ਨੇ ਰਾਤ 9.30 ਵਜੇ ਫੋਨ ਕਰ ਕੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਦਿੱਤੀ। ਗੋਪੀ ਨੇ ਦੱਸਿਆ ਕਿ ਪੰਕਜ ਐਤਵਾਰ ਦੁਬਈ ਦੇ ਸ਼ਹਿਰ ਅਲਕੋਜ ਵਿਚ ਸਥਿਤ ਗੁਰਦੁਆਰਾ ਸਾਹਿਬ ਤੋਂ ਵਾਪਸ ਘਰ ਵੱਲ ਆ ਰਿਹਾ ਸੀ। ਇਸ ਦੌਰਾਨ ਉਸਨੂੰ ਰਸਤੇ ਵਿਚ ਪੱਗ ਬੰਨ੍ਹੀ ਇਕ ਨੌਜਵਾਨ ਨੇ ਰੋਕ ਲਿਆ ਅਤੇ ਮਾਮੂਲੀ ਵਿਵਾਦ ਤੋਂ ਬਾਅਦ ਤੇਜਧਾਰ ਹਥਿਆਰ ਨਾਲ ਉਸ 'ਤੇ




ਹਮਲਾ ਕਰ ਕੇ ਉਸਦੀ ਹੱਤਿਆ ਕਰ ਦਿੱਤੀ। ਪੰਕਜ ਨੂੰ ਖ਼ੂਨ ਵਿਚ ਲਥਪਥ ਹਾਲਤ ਵਿਚ ਛੱਡ ਕੇ ਹੱਤਿਆਰਾ ਮੌਕੇ ਤੋਂ ਫਰਾਰ ਹੋ ਗਿਆ। ਪੰਕਜ ਦੇ ਸਾਥੀਆਂ ਨੇ ਉਸ ਨੂੰ ਕਾਬੂ ਕਰਨਾ ਚਾਹਿਆ ਪਰ ਉਹ ਹੱਥ ਨਹੀਂ ਆਇਆ। ਅਲਕੋਜ ਸ਼ਹਿਰ ਦੀ ਪੁਲਸ ਇਸ ਸਬੰਧ ਵਿਚ ਸੂਚਿਤ ਕੀਤੇ ਜਾਣ ਤੋਂ ਬਾਅਦ ਮੌਕੇ 'ਤੇ ਪਹੁੰਚੀ ਅਤੇ ਲਾਸ਼ ਨੂੰ ਕਬਜੇ ਵਿਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ। ਪਤਾ ਲੱਗਾ ਹੈ ਕਿ ਪੁਲਸ ਨੇ ਹੱਤਿਆਰੇ ਨੂੰ ਕਾਬੂ ਕਰ ਲਿਆ ਹੈ ਅਤੇ ਉਸ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਪਰਿਵਾਰ ਤੋਂ ਮਿਲੀ ਜਾਣਕਾਰੀ ਮੁਤਾਬਕ ਪੰਕਜ 13 ਸਾਲ ਪਹਿਲਾਂ ਦੁਬਈ ਗਿਆ ਸੀ। ਉਥੇ ਉਹ ਇਕ ਕੰਪਨੀ ਵਿਚ ਫੋਰਮੈਨ ਵਜੋਂ ਨੌਕਰੀ ਕਰਦਾ ਸੀ। ਲੱਗਭਗ ਇਕ ਸਾਲ ਬਾਅਦ ਉਹ ਛੁੱਟੀ ਆਉਂਦਾ ਰਹਿੰਦਾ ਸੀ। 5 ਮਹੀਨੇ ਪਹਿਲਾਂ ਵੀ ਉਹ ਰਿਸ਼ਤੇਦਾਰੀ ਵਿਚ ਕਿਸੇ ਵਿਆਹ ਸਮਾਗਮ ਵਿਚ ਹਿੱਸਾ ਲੈਣ ਲਈ ਆਇਆ ਸੀ ਅਤੇ 10 ਦਿਨ ਰਹਿ ਕੇ ਵਾਪਸ ਚਲਾ ਗਿਆ ਸੀ। ਉਸ ਦੀ ਮੌਤ ਦੀ ਸੂਚਨਾ ਮਿਲਦੇ ਹੀ ਪਰਿਵਾਰ ਵਿਚ ਮਾਤਮ ਛਾ ਗਿਆ

## ਆਬਾਦੀ ਵਧਣ ਕਾਰਨ ਸਾਲ 2036 ਤੱਕ 6.4 ਕਰੋੜ ਵਾਧੂ ਮਕਾਨਾਂ ਦੀ ਪਵੇਗੀ ਲੋੜ : ਰਿਪੋਰਟ

ਨਵੀਂ ਦਿੱਲੀ 11 ਮਈ। ਦਿਨੋ-ਦਿਨ ਵੱਧ ਰਹੀ ਆਬਾਦੀ ਦੇ ਕਾਰਨ ਸਾਲ 2036 ਤੱਕ 6.4 ਕਰੋੜ ਘਰਾਂ ਦੀ ਜਰੂਰਤ ਪੈ ਸਕਦੀ ਹੈ। ਕ੍ਰੇਡਾਈ-ਲਿਸੀ ਫੋਰਸ ਨੇ ਇਕ ਰਿਪੋਰਟ ਵਿਚ ਇਸ ਗੱਲ ਦਾ ਜ਼ਿਕਰ ਕੀਤਾ ਹੈ। ਕ੍ਰੇਡਾਈ ਨੇ ਵਾਰਾਨਸੀ ਵਿਚ ਆਯੋਜਿਤ ਨਿਊ ਇੰਡੀਆ ਸਮਿਟ 'ਚ ਡਾਟਾ ਐਨਾਲਿਟਿਕਸ ਕੰਪਨੀ ਲਾਇਸਿਸ ਫੋਰਾਸ ਦੇ ਸਹਿਯੋਗ ਨਾਲ ਇਹ ਰਿਪੋਰਟ ਪੇਸ਼ ਕੀਤੀ ਹੈ। ਸਾਂਝੀ ਰਿਪੋਰਟ 'ਚ ਕਿਹਾ ਗਿਆ ਕਿ ਜਨਸੰਖਿਆ ਵਿਚ ਵਾਧਾ ਹੋਣ ਕਾਰਨ 2036 ਤੱਕ ਭਾਰਤ ਵਿਚ 6.4 ਕਰੋੜ ਮਕਾਨਾਂ ਦੀ ਜਰੂਰਤ ਪਵੇਗੀ। ਰਿਪੋਰਟ ਮੁਤਾਬਕ 2018 ਵਿਚ ਭਾਰਤ ਵਿਚ 2.9 ਕਰੋੜ ਮਕਾਨਾਂ ਦੀ ਘਾਟ ਸੀ। ਕ੍ਰੇਡਾਈ-ਲਾਇਸਿਸ ਫੋਰਾਸ ਨੇ ਰਿਪੋਰਟ ਵਿਚ ਕਿਹਾ, 'ਇਸ ਲਈ ਭਾਰਤ 'ਚ 2036 ਤੱਕ ਕੁਲ ਅਨੁਮਾਨਿਤ ਰਿਹਾਇਸ਼ੀ ਮੰਗ 9.3 ਕਰੋੜ ਹੋਵੇਗੀ।' ਰਿਪੋਰਟ ਵਿੱਚ ਜ਼ਿਕਰ ਕੀਤਾ ਗਿਆ ਹੈ ਕਿ ਰੀਅਲ ਅਸਟੇਟ ਵਾਧੇ ਦੀ ਅਗਲੀ ਤਿੱਖੀ ਮੰਗ ਮੱਧ ਅਤੇ ਛੋਟੇ ਸਹਿਰ (ਦੂਜੀ ਅਤੇ ਤੀਸਰੀ ਸ਼੍ਰੇਣੀ) ਖੇਤਰਾਂ ਵਿੱਚ ਹੋਣ ਦੀ ਉਮੀਦ ਹੈ। ਦੇ ਚੇਅਰਮੈਨ ਬੋਮਨ ਇਰਾਨੀ ਨੇ ਕਿਹਾ, "ਤੇਜੀ



ਨਾਲ ਵਧ ਰਹੀ ਭਾਰਤੀ ਆਬਾਦੀ ਅਤੇ ਆਰਥਿਕਤਾ ਦੇ ਨਤੀਜੇ ਵਜੋਂ ਮਕਾਨਾਂ ਦੀ ਮੰਗ ਅਤੇ ਸਪਲਾਈ ਵਿੱਚ ਵਾਧਾ ਹੋਇਆ ਹੈ। ਇਸ ਤੋਂ ਇਲਾਵਾ ਘਰ ਖਰੀਦਣ ਵਾਲਿਆਂ ਦੀ ਖਰੀਦ ਸਕਤੀ ਵਿੱਚ ਵੀ ਸੁਧਾਰ ਹੋਇਆ ਹੈ ਅਤੇ ਉਹ ਵੱਡੇ ਘਰ ਖਰੀਦਣ ਦੇ ਇੱਛੁਕ ਹਨ। ਦੇ ਚੇਅਰਮੈਨ ਮਨੋਜ ਗੌੜ ਨੇ ਕਿਹਾ, "2023 ਸਾਰੇ ਰੀਅਲ ਅਸਟੇਟ ਹਿੱਸੇਦਾਰਾਂ ਲਈ ਇੱਕ ਸਾਨਦਾਰ ਸਾਲ ਰਿਹਾ ਹੈ। ਸਾਨੂੰ ਉਮੀਦ ਹੈ ਕਿ ਇਹ ਮੰਗ 2024 ਅਤੇ ਉਸ ਤੋਂ ਬਾਅਦ ਵੀ ਜਾਰੀ ਰਹੇਗੀ।" ਉਨ੍ਹਾਂ ਨੇ ਕਿਹਾ ਕਿ ਮੱਧਮ ਅਤੇ ਛੋਟੇ ਸਹਿਰਾਂ ਵਿੱਚ ਮਕਾਨ ਉਸਾਰੀ ਵਿੱਚ ਤੇਜੀ ਆਵੇਗੀ। ਲਾਈਸਿਸ ਫੋਰਾਸ ਦੇ ਸੰਸਥਾਪਕ ਅਤੇ ਪ੍ਰਬੰਧ ਨਿਰਦੇਸਕ ਪੰਕਜ ਕਪੂਰ ਨੇ ਕਿਹਾ, "ਭਾਰਤੀ ਰੀਅਲ ਅਸਟੇਟ ਇਸ ਸਮੇਂ ਇੱਕ ਨਾਜ਼ੁਕ ਮੋੜ 'ਤੇ ਹੈ।" ਇਹ ਨਿਰੰਤਰ ਮੰਗ ਅਤੇ ਸਪਲਾਈ ਜੀਡੀਪੀ ਵਿੱਚ ਬਹੁਤ ਯੋਗਦਾਨ ਪਾ ਰਹੀ ਹੈ ਅਤੇ 5,000 ਅਰਬ ਡਾਲਰ ਦੇ ਟੀਚੇ ਤੱਕ ਪਹੁੰਚਣ ਦਾ ਇੱਕ ਪੱਕਾ ਰਸਤਾ ਤਿਆਰ ਕਰ ਰਹੀ ਹੈ।"

## ਪਿਆਰ ਦੀਆਂ ਪੀਂਘਾਂ ਪਾ ਗਰਭਵਤੀ ਕੀਤੀ 18 ਸਾਲਾ ਕੁੜੀ, ਫਿਰ ਜੋ ਹੋਇਆ ਨਹੀਂ ਹੋਵੇਗਾ ਯਕੀਨ

ਟਾਂਡਾ ਉੜਮੁੜ 11 ਮਈ। ਟਾਂਡਾ ਇਲਾਕੇ ਦੇ ਇਕ ਪਿੰਡ ਦੀ 18 ਸਾਲਾ ਕੁੜੀ ਨਾਲ ਵਿਆਹ ਦਾ ਝਾਂਸਾ ਦੇ ਕੇ ਜਬਰ-ਜਨਾਹ ਕਰਨ ਦੇ ਦੋਸ 'ਚ ਟਾਂਡਾ ਪੁਲਸ ਨੇ ਇਕ ਨੌਜਵਾਨ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਇਹ ਮਾਮਲਾ ਪੀੜਤ ਕੁੜੀ ਦੇ ਬਿਆਨਾਂ ਦੇ ਆਧਾਰ 'ਤੇ ਯਾਕੂਬ ਅਲੀ ਪੁੱਤਰ ਬੱਬੀ ਦੇ ਖ਼ਿਲਾਫ ਦਰਜ ਕੀਤਾ ਹੈ। ਕੁੜੀ ਨੇ ਆਪਣੇ ਬਿਆਨ 'ਚ ਕਿਹਾ ਕਿ ਯਾਕੂਬ ਅਲੀ ਅਕਸਰ ਸਾਡੇ ਘਰ ਆਉਂਦਾ ਰਹਿੰਦਾ ਸੀ ਅਤੇ ਉਸ ਨੇ ਨਿਕਾਹ (ਵਿਆਹ) ਦੇ ਬਹਾਨੇ ਮੇਰੇ ਨਾਲ ਸਰੀਰਕ ਸਬੰਧ ਬਣਾਏ ਅਤੇ ਇਸ ਦੌਰਾਨ ਉਹ ਗਰਭਵਤੀ ਹੋ ਗਈ ਅਤੇ ਮੈਂ ਉਸ ਨੂੰ ਨਿਕਾਹ ਲਈ ਕਹਿਣ ਲੱਗੀ, ਜਿਸ ਕਾਰਨ 10 ਮਾਰਚ ਨੂੰ ਉਹ ਰਾਤ ਨੂੰ ਮੇਰੇ ਘਰ ਆਇਆ ਅਤੇ ਮੈਨੂੰ ਵਿਆਹ ਦਾ ਕਹਿ ਕੇ ਦਿੱਲੀ ਲੈ ਗਿਆ ਅਤੇ ਉੱਥੇ ਜਾ ਕੇ ਉਸ ਨੇ ਕਿਹਾ ਕਿ ਸਾਡਾ ਵਿਆਹ ਤਾਂ ਹੀ ਹੋ ਸਕਦਾ ਹੈ ਜੇਕਰ ਤੁਹਾਡਾ ਗਰਭਪਾਤ ਹੋ ਜਾਵੇਗਾ ਅਤੇ ਕੁਝ ਦਿਨਾਂ ਬਾਅਦ ਉਹ ਮੈਨੂੰ ਦਿੱਲੀ ਤੋਂ ਚੌਲਾਂਗ ਇਲਾਕੇ ਦੇ ਇੱਕ ਡੇਰੇ 'ਚ ਲੈ ਆਇਆ ਅਤੇ ਉਸ ਨੇ ਮੈਨੂੰ ਜਬਰੀ 20 ਦਿਨਾਂ ਤੱਕ ਉੱਥੇ ਰੱਖਿਆ ਅਤੇ ਉਸ ਤੋਂ ਬਾਅਦ ਦਸੂਹਾ ਤੋਂ ਜਬਰਦਸਤੀ ਮੇਰਾ ਗਰਭਪਾਤ ਕਰਵਾ ਦਿੱਤਾ। ਕੁਝ ਦਿਨਾਂ ਬਾਅਦ ਉਹ ਮੈਨੂੰ ਕਿਸੇ ਹੋਰ ਨਾਲ ਵਿਆਹ ਕਰਵਾਉਣ ਲਈ ਕਹਿਣ ਲੱਗਾ, ਜਿਸ ਤੋਂ ਬਾਅਦ 22 ਅਪ੍ਰੈਲ ਨੂੰ ਮੈਂ ਉਥੋਂ ਭੱਜ ਕੇ ਆਪਣੇ ਘਰ ਆ ਗਈ। ਪੀੜਿਤ ਕੁੜੀ ਦਾ ਦੋਸ ਹੈ ਕਿ ਦੋਸੀ ਨੇ ਉਸ ਨਾਲ ਬਲਾਤਕਾਰ ਕੀਤਾ ਹੈ ਅਤੇ ਵਿਆਹ ਦਾ ਝਾਂਸਾ ਦੇ ਕੇ ਉਸ ਦਾ ਗਰਭਪਾਤ ਕਰਵਾ ਦਿੱਤਾ। ਫਿਲਹਾਲ ਪੁਲਸ ਨੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮਿਲੀ ਜਾਣਕਾਰੀ ਮੁਤਾਬਰ ਏ.ਐੱਸ.ਆਈ. ਮਨਿੰਦਰ ਕੌਰ ਮਾਮਲੇ ਦੀ ਕਾਰਵਾਈ ਕਰ ਰਹੇ ਹਨ।

## ਮੋਬਾਇਲ ਸਟੋਰ ਦਾ ਤਾਲਾ ਤੋੜ ਕੇ ਲੱਖਾਂ ਦੇ ਮੋਬਾਇਲ ਚੋਰੀ

ਰਾਮਾਂ ਮੰਡੀ 11 ਮਈ। ਰਾਮਾਂ ਮੰਡੀ 'ਚ ਚੋਰਾਂ ਦੇ ਹੌਸਲੇ ਏਨੇ ਬੁਲੰਦ ਹੁੰਦੇ ਜਾ ਰਹੇ ਹਨ ਕਿ ਚੋਰਾਂ ਨੂੰ ਹੁਣ ਪੁਲਸ ਦਾ ਡਰ ਵੀ ਨਹੀਂ ਰਿਹਾ। ਰਾਮਾਂ ਮੰਡੀ ਦੇ ਬੱਸ ਅੱਡੇ ਦੇ ਨਜ਼ਦੀਕ ਬੀਤੀ ਰਾਤ ਚੋਰਾਂ ਨੇ ਬਾਂਸਲ ਮੋਬਾਇਲ ਸਟੋਰ ਦਾ ਤਾਲਾ ਤੋੜੇ ਕੇ ਦੁਕਾਨ 'ਚ ਪਏ ਲੱਖਾਂ ਰੁਪਏ ਦੇ ਮੋਬਾਇਲ ਅਤੇ ਕੀਮਤੀ ਸਾਮਾਨ ਚੋਰੀ ਕਰ ਕੇ ਫਰਾਰ ਹੋ ਗਏ। ਪੀੜਤ ਦੁਕਾਨਦਾਰਾਂ ਨੇ ਦੱਸਿਆ ਕਿ ਉਹ ਬੀਤੀ ਰਾਤ ਦੁਕਾਨ ਬੰਦ ਕਰ ਕੇ ਘਰ ਚਲੇ ਗਏ ਸਨ। ਸਵੇਰੇ ਆਸ-ਪਾਸ ਦੇ ਲੋਕਾਂ ਨੇ ਦੱਸਿਆ ਕਿ ਦੁਕਾਨ ਦਾ ਤਾਲਾ ਟੁੱਟਿਆ ਪਿਆ ਹੈ, ਜਦ ਅਸੀਂ ਆ ਕੇ ਦੇਖਿਆ ਤਾਂ ਦੁਕਾਨ ਦਾ ਤਾਲਾ ਟੁੱਟਾ ਪਿਆ ਸੀ ਅਤੇ ਦੁਕਾਨ ਦਾ ਸਾਰਾ ਸਾਮਾਨ ਖਿਲਰਿਆ ਪਿਆ ਸੀ, ਜਿਸ ਦੀ ਸੂਚਨਾ ਤੁਰੰਤ ਰਾਮਾਂ ਪੁਲਸ ਮੁਖੀ ਨੂੰ ਦਿੱਤੀ। ਪੀੜਤ ਦੁਕਾਨਦਾਰ ਨੇ ਦੱਸਿਆ ਕਿ ਚੋਰ ਦੁਕਾਨਾਂ 'ਚ ਪਏ 2 ਦਰਜਨ ਦੇ ਕਰੀਬ ਨਵੇਂ ਮੋਬਾਇਲ ਫੋਨ ਅਤੇ ਹੋਰ ਕੀਮਤੀ ਸਾਮਾਨ ਲੈ ਕੇ ਫਰਾਰ ਹੋ ਗਏ ਹਨ। ਟਰਾਂਸਪੋਰਟਰ ਸੋਨੀ ਬਾਂਸਲ ਨੇ ਦੱਸਿਆ ਕਿ ਪੀੜਤ ਦੁਕਾਨਦਾਰ ਦਾ ਢਾਈ ਲੱਖ ਦੇ ਕਰੀਬ ਨੁਕਸਾਨ ਹੋ ਗਿਆ ਹੈ। ਮੰਡੀ ਵਾਸੀਆਂ ਨੇ ਸੀਨੀਅਰ ਪੁਲਸ ਕਪਤਾਨ ਤੋਂ ਪੁਰਜੋਰ ਮੰਗ ਕੀਤੀ ਹੈ ਸ਼ਹਿਰ 'ਚ ਪੁਲਸ ਦੀ ਗਸ਼ਤ ਕੀਤੀ ਜਾਵੇ ਅਤੇ ਚੋਰਾਂ ਦੀ ਭਾਲ ਕਰ ਕੇ ਉਸਦਾ ਚੋਰੀ ਹੋਇਆ ਸਾਮਾਨ ਵਾਪਸ ਦਵਾਇਆ ਜਾਵੇ।

## ਹੁਣ ਦੁਸਮਣਾਂ ਦੀ ਖੈਰ ਨਹੀਂ ! ਜਲ ਸੈਨਾ ਨੂੰ ਮਿਲਿਆ ਅਤਿ ਆਧੁਨਿਕ ਡਰੋਨ,

ਬਿਜਨੈੱਸ ਡੈਸਕ 11 ਮਈ। ਅਡਾਨੀ ਡਿਫੈਂਸ ਐਂਡ ਏਰੋਸਪੇਸ ਨੇ ਬੁੱਧਵਾਰ ਨੂੰ ਭਾਰਤੀ ਜਲ ਸੈਨਾ ਲਈ ਸਵਦੇਸੀ ਤੌਰ 'ਤੇ ਵਿਕਸਤ ਮਾਨਵ ਰਹਿਤ ਹਵਾਈ ਵਾਹਨ 'ਦ੍ਰਿਸਟੀ 10 ਸਟਾਰਲਾਈਨਰ ਮਨੁੱਖ ਰਹਿਤ ਏਰੀਅਲ ਵਹੀਕਲ' ਦਾ ਉਦਘਾਟਨ ਕੀਤਾ। ਇਸ ਉਦਘਾਟਨ ਸਮਾਰੋਹ ਦੀ ਅਗਵਾਈ ਭਾਰਤੀ ਜਲ ਸੈਨਾ (ਸੀਐਨਐਸ) ਦੇ ਮੁਖੀ ਐਡਮਿਰਲ ਆਰ. ਹਰੀ ਕੁਮਾਰ ਵਲੋਂ ਕੀਤੀ ਗਈ, ਜੋ 75 ਜਲ ਸੈਨਾ ਦੇ ਜਵਾਨਾਂ ਨਾਲ ਇਸ ਪ੍ਰੋਗਰਾਮ ਵਿੱਚ ਮੌਜੂਦ ਹੋਏ ਸਨ। ਅਡਾਨੀ ਦੀ ਇੱਕ ਪ੍ਰੈਸ ਰਿਲੀਜ ਵਿੱਚ ਕਿਹਾ ਗਿਆ ਹੈ ਕਿ 'ਦ੍ਰਿਸਟੀ 10 ਸਟਾਰਲਾਈਨਰ' 36 ਘੰਟੇ ਦੀ ਸਹਿਣਸੀਲਤਾ, 450 ਕਿਲੋਗ੍ਰਾਮ ਪੇਲੋਡ ਸਮਰੱਥਾ ਵਾਲਾ ਇੱਕ ਅਤਿ-ਆਧੁਨਿਕ ਇੰਟੈਲੀਜੈਂਸ, ਸਰਵੀਲੈਂਸ ਅਤੇ ਰਿਕੋਨਾਈਸੈਂਸ () ਪਲੇਟਫਾਰਮ ਹੈ। ਇਹ ਸਟੈਨਾਗ 4671 ਪ੍ਰਮਾਣੀਕਰਣ ਵਾਲਾ ਇੱਕੋ-ਇੱਕ ਆਲ-ਮੌਸਮ ਫੌਜੀ ਪਲੇਟਫਾਰਮ ਹੈ ਅਤੇ



ਖਾਸ ਉਪਭੋਗਤਾਵਾਂ ਲਈ ਰਾਖਵੇਂ ਸਾਰੇ ਹਵਾਈ ਖੇਤਰ ਵਿੱਚ ਉਡਾਣ ਭਰਨ ਦੇ ਸਮਰੱਥ ਹੈ। ਦੱਸ ਦੇਈਏ ਕਿ ਇਸ ਮੌਕੇ ਹਰੀ ਕੁਮਾਰ ਨੇ (ਗੌਤਮ) ਅਡਾਨੀ ਦੇ ਭਾਰਤੀ ਜਲ ਸੈਨਾ ਦੀਆਂ ਲੋੜਾਂ ਦੇ ਅਨੁਸਾਰ ਤਿਆਰ ਕੀਤੇ ਆਪਣੇ ਬਲੂਪ੍ਰਿੰਟ ਨੂੰ ਪੇਸ ਕਰਦੇ ਹੋਏ ਰੱਖਿਆ ਅਤੇ ਸੁਰੱਖਿਆ ਵਿੱਚ ਸਵੈ-ਨਿਰਭਰਤਾ ਨੂੰ ਸਮਰੱਥ ਬਣਾਉਣ ਲਈ ਭਾਈਵਾਲਾਂ ਅਤੇ ਸਮਰੱਥਾਵਾਂ ਦਾ ਇੱਕ ਵਾਤਾਵਰਣ ਪ੍ਰਣਾਲੀ ਸਥਾਪਤ ਕਰਨ ਦੇ ਯਤਨਾਂ ਦੀ ਸਲਾਘਾ ਕੀਤੀ। ਅਡਾਨੀ ਐਂਟਰਪ੍ਰਾਈਜ਼ਜ ਦੇ ਵਾਈਸ ਪ੍ਰੈਜੀਡੈਂਟ ਜੀਤ ਅਡਾਨੀ ਨੇ ਕਿਹਾ, "ਜਮੀਨੀ, ਹਵਾਈ ਅਤੇ ਸਮੁੰਦਰੀ ਸਰਹੱਦਾਂ ਦੇ ਪਾਰ ਖੁਫੀਆ, ਨਿਗਰਾਨੀ ਅਤੇ ਖੋਜ ਪਲੇਟਫਾਰਮ ਅਡਾਨੀ ਲਈ ਮੁੱਖ ਤਰਜੀਹ ਹਨ, ਜੋ ਭਾਰਤੀ ਹਥਿਆਰਬੰਦ ਬਲਾਂ ਦੀਆਂ ਜਰੂਰਤਾਂ ਨੂੰ ਪੂਰਾ ਕਰਨ ਵਿੱਚ ਮਦਦ ਕਰਨਗਾ ਅਤੇ ਭਾਰਤ ਨੂੰ ਨਿਰਯਾਤ ਲਈ ਵਿਸਵ ਦੇ ਨਕਸੇ 'ਤੇ ਸਥਾਪਿਤ ਕਰੇਗਾ। ਸਾਨੂੰ ਭਾਰਤੀ ਜਲ ਸੈਨਾ ਅਤੇ ਉਨ੍ਹਾਂ ਦੀਆਂ ਜਰੂਰਤਾਂ ਦੀ ਸੇਵਾ ਕਰਨ ਦੇ ਯੋਗ ਹੋਣ 'ਤੇ ਮਾਣ ਹੈ।

## ਜੈਪੁਰ ਤੋਂ ਮਨਾਲੀ ਜਾ ਰਹੇ ਸੈਲਾਨੀਆਂ ਨਾਲ ਵਾਪਰਿਆ ਹਾਦਸਾ, 2 ਦੀ ਮੌਤ

ਸ਼ਿਮਲਾ 11 ਮਈ। ਹਿਮਾਚਲ ਪ੍ਰਦੇਸ਼ ਦੇ ਮੰਡੀ ਜ਼ਿਲ੍ਹੇ 'ਚ ਐਤਵਾਰ ਨੂੰ ਚੰਡੀਗੜ੍ਹ-ਮਨਾਲੀ ਰਾਸ਼ਟਰੀ ਰਾਜਮਾਰਗ 'ਤੇ ਇਕ ਕਾਰ ਹਾਦਸੇ ਦਾ ਸ਼ਿਕਾਰ ਹੋ ਗਈ। ਇਸ ਹਾਦਸੇ 'ਚ ਰਾਜਸਥਾਨ ਦੇ ਰਹਿਣ ਵਾਲੇ 2 ਸੈਲਾਨੀਆਂ ਦੀ ਮੌਤ ਹੋ ਗਈ, ਜਦੋਂ ਕਿ ਇਕ ਹੋਰ ਜਖਮੀ ਹੋ ਗਏ। ਪੁਲਸ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੈਲਾਨੀ ਜੈਪੁਰ ਤੋਂ ਮਨਾਲੀ ਜਾ ਰਹੇ ਸਨ। ਮ੍ਰਿਤਕਾਂ ਦੀ ਪਛਾਣ ਭੁਪਿੰਦਰ ਚੌਧਰੀ ਅਤੇ ਅਰਿਹੰਤ ਛਾਜਰੇ ਵਜੋਂ ਹੋਈ ਹੈ, ਜਦੋਂ ਕਿ ਜਖਮੀ ਲਕਸ਼ਮਣ ਨੂੰ ਰਾਜ ਦੀ ਰਾਜਧਾਨੀ ਸ਼ਿਮਲਾ ਤੋਂ ਲਗਭਗ 200 ਕਿਲੋਮੀਟਰ ਦੂਰ ਮੰਡੀ ਦੇ ਜੋਨਲ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਪੁਲਸ ਅਨੁਸਾਰ ਡਰਾਈਵਰ ਦੇ ਵਾਹਨ ਤੋਂ ਕੰਟਰੋਲ ਗੁਆਉਣ ਕਾਰਨ ਹਾਦਸਾ ਵਾਪਰਿਆ। ਵਾਹਨ ਸੜਕ ਤੋਂ ਫਿਸਲ ਕੇ ਹੇਠਾਂ ਡਿੱਗ ਗਿਆ ਅਤੇ ਇਕ ਨਿਰਮਾਣ ਅਧੀਨ ਪੁਲ ਦੀਆਂ ਸਲਾਖਾਂ 'ਚ ਫਸ ਗਿਆ।

## ਹੁਸ਼ਿਆਰਪੁਰ 'ਚ ਸਰਪੰਚ ਦਾ ਕਤਲ ਕਰਨ ਵਾਲੇ ਦਾ ਪੁਲਸ ਨੇ ਕੀਤਾ ਐਨਕਾਊਂਟਰ

ਹੁਸ਼ਿਆਰਪੁਰ 11 ਮਈ। ਪਿੰਡ ਡਡਿਆਣਾ ਕਲਾਂ ਦੇ ਸਰਪੰਚ ਅਤੇ ਉੱਘੇ ਦਲਿਤ ਆਗੂ ਸੰਦੀਪ ਕੁਮਾਰ ਛੀਨਾ (45) ਦਾ ਗੋਲੀਆਂ ਮਾਰ ਕੇ ਕਤਲ ਕਰਨ ਵਾਲੇ ਮੁਲਜਮ ਦਾ ਪੰਜਾਬ ਪੁਲਸ ਨੇ ਐਨਕਾਊਂਟਰ ਕਰ ਦਿੱਤਾ ਹੈ। ਇਸ ਕਾਰਵਾਈ ਵਿਚ ਕਤਲ ਦਾ ਮੁਲਜਮ ਗੰਭੀਰ ਜਖਮੀ ਹੋ ਗਿਆ। ਮਿਲੀ ਜਾਣਕਾਰੀ ਮੁਤਾਬਕ ਹੁਸ਼ਿਆਰਪੁਰ ਦੇ ਥਾਣਾ ਹਰਿਆਣਾ ਅਧੀਨ ਪੁਲਸ ਅਤੇ ਮੁਲਜਮ ਅਨੂਪ ਕੁਮਾਰ ਵਿਚਾਲੇ ਮੁਕਾਬਲਾ ਹੋ ਗਿਆ। ਇਸ ਵਿਚ ਮੁਲਜਮ ਅਨੂਪ ਕੁਮਾਰ ਉਰਫ ਵਿੱਕੀ ਦੀਆਂ ਦੋਵੇਂ ਲੱਤਾਂ 'ਤੇ ਗੋਲੀਆਂ ਲੱਗੀਆਂ ਜਿਸ ਕਾਰਣ ਉਹ ਗੰਭੀਰ ਜਖਮੀ ਹੋ ਗਿਆ, ਜਿਸ ਨੂੰ ਬਾਅਦ ਵਿਚ ਪੁਲਸ ਨੇ ਗੰਭੀਰ ਹਾਲਤ ਵਿਚ ਸਰਕਾਰੀ ਹਸਪਤਾਲ ਵਿਚ ਦਾਖਲ ਕਰਵਾਇਆ ਜਿੱਥੋਂ ਉਸ ਨੂੰ ਅੰਮ੍ਰਿਤਸਰ ਲਈ ਰੈਫਰ ਕਰ ਦਿੱਤਾ ਗਿਆ। ਦੱਸਣਯੋਗ ਹੈ ਕਿ 4 ਜਨਵਰੀ ਦੀ ਸਵੇਰ ਸਰਪੰਚ ਅਤੇ ਆਗੂ ਸੰਦੀਪ ਕੁਮਾਰ ਚੀਨਾ ਦਾ ਉਸ ਵੇਲੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ ਜਦੋਂ ਉਹ ਆਪਣੀ ਦੁਕਾਨ ਖੋਲ੍ਹਣ ਲੱਗਾ ਸੀ। ਸੰਦੀਪ ਕੁਮਾਰ ਸਰਪੰਚ ਉਰਫ ਚੀਨਾ ਜੋ ਅੱਡਾ ਦੁਸੜਕਾ ਵਿਖੇ ਆਪਣੀ ਟਾਈਲਾਂ ਦੀ ਦੁਕਾਨ ਕਰਦਾ ਸੀ, ਸਵੇਰੇ ਕਰੀਬ 10 ਵਜੇ ਜਦੋਂ ਉਹ ਦੁਕਾਨ ਖੋਲ੍ਹਣ ਲੱਗਾ ਤਾਂ 3 ਨੌਜਵਾਨ ਆਏ, ਜਿਨ੍ਹਾਂ 'ਚ ਅਨੂਪ ਕੁਮਾਰ ਉਰਫ ਵਿੱਕੀ ਪੁੱਤਰ ਅਸਵਨੀ ਵੀ ਸਾਮਲ ਸੀ ਅਤੇ 2



ਅਣਪਛਾਤੇ ਵਿਅਕਤੀ ਮੋਟਰਸਾਈਕਲ 'ਤੇ ਸਵਾਰ ਸਨ। ਜਿੱਥੇ ਅਨੂਪ ਕੁਮਾਰ ਉਰਫ ਵਿੱਕੀ ਨੇ ਸੰਦੀਪ ਕੁਮਾਰ 'ਤੇ ਪਿਸਤੌਲ ਨਾਲ ਫਾਇਰ ਕਰ ਦਿੱਤਾ, ਜੋ ਕਿ ਉਸਦੇ ਭਰਾ ਦੀ ਛਾਤੀ ਦੇ ਸੱਜੇ ਪਾਸੇ ਵੱਜਿਆ, ਉਥੇ ਮੌਕਾ ਦੇਖ ਕੇ ਉਕਤ ਦੋਸੀਆਂ ਵਲੋਂ ਉਸਦੇ ਹੱਥ ਦੇ ਪਿਸਤੌਲ 'ਚੋਂ ਕੁੱਲ 3 ਰਾਊਂਡ ਫਾਇਰ ਕੀਤੇ ਗਏ।

## ਨੈਸ਼ਨਲ ਹਾਈਵੇਅ ਨੇੜੇ ਸਥਿਤ ਕਾਰ ਬਾਜਾਰ 'ਚ ਲਗਜਰੀ ਗੱਡੀਆਂ ਨੂੰ ਲੱਗੀ ਭਿਆਨਕ ਅੱਗ

ਜਲੰਧਰ 11 ਮਈ। ਜਲੰਧਰ-ਅੰਮ੍ਰਿਤਸਰ ਨੈਸਨਲ ਹਾਈਵੇਅ ਦੇ ਨਾਲ ਲੱਗਦੀ ਜਨਤਾ ਕਲੋਨੀ ਵਿੱਚ ਕਰਨ ਕਾਰ ਬਾਜਾਰ ਦੇ ਅੰਦਰ ਖੜ੍ਹੀਆਂ ਮਹਿੰਗੀਆਂ ਕਾਰਾਂ ਨੂੰ ਸ਼ੁੱਕਰਵਾਰ ਸਵੇਰੇ ਅਚਾਨਕ ਅੱਗ ਲੱਗ ਗਈ। ਅੱਗ ਲੱਗਣ ਕਾਰਨ 1 ਬੀ. ਐੱਮ. ਡਬਲਿਊ., 3 ਓ. ਡੀ. ਅਤੇ ਇਕ ਇੰਡੀਕਾ ਕਾਰ ਸੜ ਕੇ ਸੁਆਹ ਹੋ ਗਈ। ਲੋਕਾਂ ਨੇ ਕਿਸੇ ਤਰ੍ਹਾਂ ਪਲਾਟ ਦੇ ਅੰਦਰ ਖੜ੍ਹੀਆਂ ਕਾਰਾਂ ਨੂੰ ਇਕ ਪਾਸੇ ਕਰ ਦਿੱਤਾ। ਜੇਕਰ ਸਮੇਂ ਸਿਰ ਅੱਗ 'ਤੇ ਕਾਬੂ ਨਾ ਪਾਇਆ ਜਾਂਦਾ ਤਾਂ ਮੌਕੇ 'ਤੇ ਮੌਜੂਦ ਹੋਰ ਕਾਰਾਂ ਵੀ ਅੱਗ ਦੀ ਲਪੇਟ 'ਚ ਆ ਜਾਣੀਆਂ ਸਨ। ਅੱਗ ਲੱਗਣ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ ਪਰ ਮਹਿੰਗੀਆਂ ਕਾਰਾਂ ਨੂੰ ਅੱਗ ਲੱਗਣ ਕਾਰਨ ਕਰੋੜਾਂ ਰੁਪਏ ਦਾ ਨੁਕਸਾਨ ਹੋ ਗਿਆ ਹੈ। ਫਿਲਹਾਲ ਅੱਗ ਕਿਵੇਂ ਲੱਗੀ ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਤੁਹਾਨੂੰ ਦੱਸ ਦੇਈਏ ਕਿ ਜਲੰਧਰ ਨੈਸਨਲ ਹਾਈਵੇਅ 'ਤੇ 5 ਦੇ ਕਰੀਬ ਕਾਰ ਬਾਜਾਰ ਹਨ। ਜਿਨ੍ਹਾਂ ਕੋਲ ਹਰ ਰੋਜ 100 ਦੇ ਕਰੀਬ ਕਾਰਾਂ ਖੜ੍ਹੀਆਂ ਹੁੰਦੀਆਂ ਹਨ। ਮਿਲੀ ਜਾਣਕਾਰੀ ਮੁਤਾਬਕ ਕਾਰ ਬਾਜਾਰ 'ਚ ਸਵੇਰੇ 7 ਵਜੇ ਇਕ ਔਡੀ ਕਾਰ ਨੂੰ ਅੱਗ ਲੱਗੀ। ਕੁਝ ਦੇਰ ਵਿਚ ਹੀ ਨੇੜੇ ਖੜ੍ਹੀਆਂ ਹੋਰ ਲਗਜਰੀ ਕਾਰਾਂ ਵੀ ਅੱਗ ਦੀ ਲਪੇਟ ਵਿਚ ਆ ਗਈਆਂ ਹਾਲਾਂਕਿ ਮੌਕੇ 'ਤੇ ਪਹੁੰਚੀ ਫਾਇਰ ਬ੍ਰਿਗੇਡ ਦੀ ਟੀਮ ਨੇ ਕੁਝ ਸਮੇਂ ਬਾਅਦ ਅੱਗ 'ਤੇ ਕਾਬੂ ਪਾਇਆ, ਜਿਸ ਕਾਰਨ 20 ਗੱਡੀਆਂ ਦਾ ਬਚਾਅ ਹੋ ਗਿਆ। ਆਡੀ ਕਾਰ ਨੂੰ ਸਭ ਤੋਂ ਪਹਿਲਾਂ ਅੱਗ ਲੱਗੀ, ਜਿਸ ਬਾਰੇ ਸਥਾਨਕ ਲੋਕਾਂ ਨੇ ਕਾਰ ਮਾਰਕੀਟ ਮਾਲਕ ਅਤੇ ਫਾਇਰ ਵਿਭਾਗ ਨੂੰ ਸੂਚਿਤ ਕੀਤਾ। ਕੁਝ ਹੀ ਦੇਰ ਵਿੱਚ ਦੋ ਹੋਰ ਆਡੀ ਕਾਰਾਂ, ਇਕ ਬੀ. ਐੱਮ. ਡਬਲਿਊ. ਅਤੇ ਇਕ ਇੰਡੀਕਾ ਕਾਰ ਵਿੱਚ ਅੱਗ ਲੱਗ ਗਈ। ਜੇਕਰ ਫਾਇਰ ਵਿਭਾਗ ਨੇ ਸਮੇਂ ਸਿਰ ਪਹੁੰਚ ਕੇ ਅੱਗ 'ਤੇ ਕਾਬੂ ਨਾ ਪਾਇਆ ਹੁੰਦਾ ਤਾਂ 20 ਗੱਡੀਆਂ ਵੀ ਅੱਗ ਦੀ ਲਪੇਟ 'ਚ ਆ ਸਕਦੀਆਂ ਸਨ। ਦੱਸਿਆ ਜਾ ਰਿਹਾ ਹੈ ਕਿ ਅੱਗ ਦੀ ਲਪੇਟ 'ਚ ਆਉਣ ਨਾਲ ਵਾਹਨਾਂ ਦਾ ਕਰੀਬ 50 ਲੱਖ ਰੁਪਏ ਦਾ ਨੁਕਸਾਨ ਹੋਇਆ ਹੈ।

## ਸੀਜਨ ਆਉਂਦਿਆਂ ਹੀ ਬਲੈਕ 'ਚ ਵਿਕਣ ਲੱਗੀ ਚਾਈਨਾ ਡੋਰ, 400 ਵਾਲੇ ਗੱਟੂ ਦੀ ਕੀਮਤ ਹੋ ਗਈ 1100

ਅੰਮ੍ਰਿਤਸਰ 11 ਮਈ। ਚਾਈਨਾ ਡੋਰ ਸਰਦੀਆਂ ਸ਼ੁਰੂ ਹੁੰਦੇ ਹੀ ਵਿਕਣ ਲੱਗ ਜਾਂਦੀ ਹੈ, ਪਰ ਲੋਹੜੀ ਦਾ ਤਿਉਹਾਰ ਨੇੜੇ ਆਉਂਦੇ ਹੀ ਪਾਬੰਦੀਸ਼ੁਦਾ ਚਾਈਨਾ ਡੋਰ ਦੀ ਵਿਕਰੀ ਬਲੈਕ ਵਿਚ ਹੋਣੀ ਸ਼ੁਰੂ ਹੋ ਜਾਂਦੀ ਹੈ। ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਲੋਹੜੀ ਦੇ ਮੱਦੇਨਜਰ ਪਾਬੰਦੀਸ਼ੁਦਾ ਚਾਈਨਾ ਗੱਟੂ ਜੋ ਕਿ 300 ਤੋਂ 400 ਰੁਪਏ ਵਿਚ ਵਿਕ ਰਿਹਾ ਸੀ, ਇਸ ਸਮੇਂ ਬਲੈਕ ਵਿਚ 1100 ਰੁਪਏ ਵਿਚ ਵੇਚਿਆ ਜਾ ਰਿਹਾ ਹੈ ਅਤੇ ਨਾਜਾਇਜ ਤੌਰ 'ਤੇ ਚਾਈਨਾ ਡੋਰ ਵੇਚਣ ਵਾਲੇ ਦੁਕਾਨਦਾਰ ਇਨ੍ਹਾਂ ਦਿਨਾਂ ਵਿਚ ਭਾਰੀ ਮੁਨਾਫਾ ਕਮਾ ਰਹੇ ਹਨ। ਇਸ ਤਰ੍ਹਾਂ ਕਰ ਕੇ ਉਹ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰ ਰਹੇ ਹਨ ਅਤੇ ਇਸ ਦੇ ਨਾਲ-ਨਾਲ ਪਸ਼ੂ-ਪੰਛੀ ਵੀ ਬੁਰੀ ਤਰ੍ਹਾਂ ਤੜਫ ਕੇ ਮਰਨ ਲਈ ਮਜਬੂਰ ਹੋ ਰਹੇ ਹਨ। ਹਰ ਰੋਜ ਆਸਮਾਨ ਵਿਚ ਕੋਈ ਨਾ ਕੋਈ ਪੰਛੀ ਤਾਰਾਂ ਵਿਚ ਫਸ ਕੇ ਮਰ ਜਾਂਦਾ ਹੈ, ਇੱਥੋਂ ਤੱਕ ਕਿ ਸਕੂਟਰਾਂ ਅਤੇ ਮੋਟਰਸਾਈਕਲਾਂ ਦੇ ਬੁਸ਼ ਤੋਂ ਲੈ ਕੇ ਛੱਤਾਂ 'ਤੇ ਪਾਣੀ ਦੀਆਂ ਟੈਂਕੀਆਂ ਵਿਚ ਲੱਗੀਆਂ ਪਾਈਪਾਂ ਨੂੰ ਵੀ ਚਾਈਨਾ ਡੋਰ ਕੱਟ ਦਿੰਦੀ ਹੈ। ਪਸ਼ੂ ਜਿਨ੍ਹਾਂ ਵਿਚ ਅਵਾਰਾ ਪਸ਼ੂ ਜੋ ਗਲਤੀ ਨਾਲ ਚਾਈਨਾ ਡੋਰ ਨਿਗਲ ਲੈਂਦਾ ਹੈ, ਉਹ ਵੀ ਬਚਦਾ ਨਹੀਂ ਹੈ। ਇਸ ਤੋਂ ਇਲਾਵਾ ਸੀਵਰੇਜ ਵੀ ਜਾਮ ਹੋ ਜਾਂਦੇ ਹਨ, ਇੱਥੋਂ ਤੱਕ ਕਿ ਚਾਈਨਾ ਡੋਰ ਕਾਰਨ ਸਕੂਟਰਾਂ ਅਤੇ ਮੋਟਰਸਾਈਕਲਾਂ ਦੇ ਪਹੀਆਂ ਦੇ ਐਕਸਲ ਵੀ ਕੱਟ ਜਾਂਦੇ ਹਨ। ਜ਼ਿਲ੍ਹਾ ਪ੍ਰਸਾਸਨ ਅਤੇ ਪੁਲਸ ਵੱਲੋਂ ਸਕੂਲਾਂ-ਕਾਲਜਾਂ ਵਿਚ ਬੱਚਿਆਂ ਨੂੰ ਚਾਈਨਾ ਡੋਰ ਨਾ ਵਰਤਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ ਪਰ ਦੇਖਿਆ ਗਿਆ ਹੈ ਕਿ ਬੱਚਿਆਂ ਦੇ ਕੁਝ ਮਾਪੇ ਵੀ ਚਾਈਨਾ ਡੋਰ ਖਰੀਦ ਕੇ ਆਪਣੇ ਬੱਚਿਆਂ ਨੂੰ ਦੇ ਰਹੇ ਹਨ। ਦੂਜੇ ਪਾਸੇ ਇਸ ਡੋਰ ਦਾ ਨਿਰਮਾਣ ਕਰਨ ਵਾਲੀਆਂ ਫੈਕਟਰੀਆਂ ਵੱਲੋਂ ਚਾਈਨਾ ਗੱਟੂ ਦੇ ਸਟਿੱਕਰ 'ਤੇ ਲਿਖਿਆ ਗਿਆ ਹੈ ਕਿ ਇਹ ਪਤੰਗ ਦੀ ਵਰਤੋਂ ਲਈ ਨਹੀਂ ਹੈ, ਭਾਵ ਜੇਕਰ ਫੜੇ ਗਏ ਤਾਂ ਕਾਨੂੰਨ ਦੀ ਆੜ ਲਈ ਜਾ ਸਕੇ, ਹਾਲਾਂਕਿ ਇਹ ਸਭ ਜਾਣਦੇ ਹਨ ਕਿ ਚਾਈਨਾ ਡੋਰ ਮੁੱਖ ਤੌਰ 'ਤੇ ਪੰਜਾਬ ਦੇ ਇਲਾਕੇ ਵਿਚ ਪਤੰਗ ਉਡਾਉਣ ਲਈ ਹੀ ਵਰਤੀ ਜਾਂਦੀ ਹੈ। ਚਾਈਨਾ ਡੋਰ ਕਰੀਬ 16 ਤੋਂ 17 ਸਾਲ ਪਹਿਲਾਂ ਪ੍ਰਚਲਣ 'ਚ ਆਈ ਸੀ ਅਤੇ ਰਵਾਇਤੀ ਡੋਰ ਅਤੇ ਪਤੰਗ ਵਿਕਰੇਤਾਵਾਂ ਵੱਲੋਂ ਇਸ ਦੀ ਵਿਕਰੀ ਸ਼ੁਰੂ ਕੀਤੀ ਗਈ ਸੀ। ਪਰ ਜਦੋਂ ਪ੍ਰਸਾਸਨ ਵੱਲੋਂ ਸਖਤੀ ਕੀਤੀ ਗਈ ਤਾਂ ਡੋਰ ਵੇਚਣ ਵਾਲਿਆਂ ਨੇ ਇਸ ਦੀ ਵਿਕਰੀ ਬੰਦ ਕਰ ਦਿੱਤੀ, ਪਰ ਇਸ਼ ਦੇ ਬਾਵਜੂਦ ਕੁਝ ਪੇਸੇਵਰ ਅਪਰਾਧੀ, ਜਿਨ੍ਹਾਂ ਦਾ ਪਤੰਗ ਅਤੇ ਡੋਰ ਦੇ ਕਾਰੋਬਾਰ ਨਾਲ ਦੂਰ ਦਾ ਵੀ ਰਿਸ਼ਤਾ ਨਹੀਂ ਸੀ, ਉਨ੍ਹਾਂ ਨੇ ਚਾਈਨਾ ਡੋਰ ਦੀ ਵਿਕਰੀ ਕਰਨੀ ਸ਼ੁਰੂ ਕਰ ਦਿੱਤੀ। ਇਸਲਾਮਾਬਾਦ ਇਲਾਕੇ ਵਿਚ ਇਕ ਸਮੋਸਾ ਵੇਚਣ ਵਾਲਾ ਜੋ ਕਈ ਵਾਰ ਚਾਈਨਾ ਡੋਰ ਵੇਚਦਾ ਫੜਿਆ ਗਿਆ ਹੈ, ਅਜੇ ਵੀ ਚਾਈਨਾ ਡੋਰ ਵੇਚ ਰਿਹਾ ਹੈ। ਚਾਈਨਾ ਡੋਰ ਦੀ ਵਰਤੋਂ ਸ਼ੁਰੂ ਹੋਣ 'ਤੇ ਤਤਕਾਲੀ ਡੀ.ਸੀ. ਚਾਈਨਾ ਡੋਰ ਕਰੀਬ 16 ਤੋਂ 17 ਸਾਲ ਪਹਿਲਾਂ ਪ੍ਰਚਲਣ 'ਚ ਆਈ ਸੀ ਅਤੇ ਰਵਾਇਤੀ ਡੋਰ ਅਤੇ ਪਤੰਗ ਵਿਕਰੇਤਾਵਾਂ ਵੱਲੋਂ ਇਸ ਦੀ ਵਿਕਰੀ ਸ਼ੁਰੂ ਕੀਤੀ ਗਈ ਸੀ। ਪਰ ਜਦੋਂ ਪ੍ਰਸਾਸਨ ਵੱਲੋਂ ਸਖਤੀ ਕੀਤੀ ਗਈ ਤਾਂ ਡੋਰ ਵੇਚਣ ਵਾਲਿਆਂ ਨੇ ਇਸ ਦੀ ਵਿਕਰੀ ਬੰਦ ਕਰ ਦਿੱਤੀ, ਪਰ ਇਸ਼ ਦੇ ਬਾਵਜੂਦ ਕੁਝ ਕਾਹਨ ਸਿੰਘ ਪੰਨੂ ਵੱਲੋਂ ਪੁਲਸ ਅਤੇ ਡਿਊਟੀ ਮੈਜਿਸਟ੍ਰੇਟ ਦੀਆਂ ਸਾਂਝੀਆਂ ਟੀਮਾਂ ਬਣਾਈਆਂ ਗਈਆਂ ਸਨ ਅਤੇ ਚਾਈਨਾ ਡੋਰ ਦੀ ਵਰਤੋਂ ਕਰਨ ਅਤੇ ਵੇਚਣ ਵਾਲਿਆਂ ਵਿਰੁੱਧ ਵੀ ਸਾਂਝੀ ਕਾਰਵਾਈ ਕੀਤੀ ਗਈ ਸੀ। ਸਮਾਜ ਸੇਵੀ ਜਥੇਬੰਦੀਆਂ ਵੱਲੋਂ ਗੰਭੀਰਤਾ ਨਾਲ ਮੰਗ ਕੀਤੀ ਜਾ ਰਹੀ ਹੈ ਕਿ ਚਾਈਨਾ ਡੋਰ ਦੀ ਵਰਤੋਂ ਕਰਨ ਅਤੇ ਵੇਚਣ ਵਾਲਿਆਂ ਖ਼ਿਲਾਫ ਸਖਤ ਕਾਰਵਾਈ ਕੀਤੀ ਜਾਵੇ। ਦੋ ਪਹੀਆ ਵਾਹਨ ਚਲਾਉਣ ਵਾਲੇ ਲੋਕ ਖਾਸ ਤੌਰ 'ਤੇ ਚਾਈਨਾ ਡੋਰ ਦਾ ਸ਼ਿਕਾਰ ਹੋ ਜਾਂਦੇ ਹਨ, ਕਿਉਂਕਿ ਚਾਈਨਾ ਡੋਰ ਉਨ੍ਹਾਂ ਦੇ ਗਲੇ ਵਿਚ ਫਸ ਜਾਂਦੀ ਹੈ ਅਤੇ ਚਾਲਕ ਬੁਰੀ ਤਰ੍ਹਾਂ ਜਖਮੀ ਹੋ ਜਾਂਦਾ ਹੈ ਜਾਂ ਫਿਰ ਉਸ ਦੀ ਮੌਤ ਵੀ ਹੋ ਜਾਂਦੀ ਹੈ। ਚਾਈਨਾ ਡੋਰ ਦੇ ਡਰ ਕਾਰਨ ਕਈ ਦੋਪਹੀਆ ਵਾਹਨ ਚਲਾਉਣ ਵਾਲੇ ਲੋਕਾਂ ਨੇ ਚਾਰ ਪਹੀਆ ਵਾਹਨਾਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ ਅਤੇ ਦੋਪਹੀਆ ਵਾਹਨਾਂ ਨੂੰ ਛੱਡ ਦਿੱਤਾ ਹੈ ਪਰ ਹਰ ਵਿਅਕਤੀ ਦੇ ਘਰ ਵਿਚ ਕਾਰ ਜਾਂ ਐੱਸ.ਯੂ.ਵੀ. ਨਹੀਂ ਹੈ। ਪਿਛਲੇ ਇਕ ਹਫਤੇ ਵਿਚ ਪੁਲਸ ਵੱਲੋਂ ਚਾਈਨਾ ਡੋਰ ਨਾਲ ਫੜੇ ਜਾਣ ਦੇ ਅੱਧੀ ਦਰਜਨ ਮਾਮਲੇ ਦਰਜ ਕੀਤੇ ਜਾ ਚੁੱਕੇ ਹਨ। ਸਹਿਰ ਦੇ ਇਕ ਸੀਨੀਅਰ ਪੁਲਸ ਅਧਿਕਾਰੀ ਦਾ ਕਹਿਣਾ ਹੈ ਕਿ ਪੁਲਸ ਚਾਈਨਾ ਡੋਰ ਵੇਚਣ ਵਾਲਿਆਂ ਖਿਲਾਫ ਸਖਤ ਕਾਰਵਾਈ ਕਰ ਰਹੀ ਹੈ ਅਤੇ ਇਸ ਦੀ ਵਰਤੋਂ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ, ਭਾਵੇ ਉਹ ਕੋਈ ਵੀ ਹੋਵੇ। ਜਲਦ ਹੀ ਪੂਰੇ ਨੈੱਟਵਰਕ ਦਾ ਪਰਦਾਫਾਸ ਕੀਤਾ ਜਾਵੇਗਾ, ਕਿਉਂਕਿ ਚਾਈਨਾ ਡੋਰ ਦੀ ਵਿਕਰੀ ਅਤੇ ਵਰਤੋਂ ਪੂਰੀ ਤਰ੍ਹਾਂ ਗੈਰ-ਕਾਨੂੰਨੀ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਪੰਜਾਬ 'ਚ ਗਰਮੀ ਕਢਾ ਰਹੀ ਵੱਟ, ਸਿਹਤ ਵਿਭਾਗ ਵੱਲੋਂ ਐਡਵਾਈਜਰੀ ਜਾਰੀ

ਟਾਂਡਾ ਉੜਮੁੜ 11 ਮਈ। ਪੰਜਾਬ ਵਿੱਚ ਪੈ ਰਹੀ ਗਰਮੀ ਨੇ ਆਪਣਾ ਅਸਰ ਵਿਖਾਉਣਾ ਸੁਰੂ ਕਰ ਦਿੱਤਾ ਹੈ, ਜਿਸ ਦੌਰਾਨ ਪਿਛਲੇ ਕੁਝ ਦਿਨਾਂ ਤੋਂ ਤਾਪਮਾਨ 'ਚ ਵਾਧਾ ਵੇਖਣ ਨੂੰ ਮਿਲ ਰਿਹਾ ਹੈ। ਪਾਰਾ ਵਧਣ ਦੇ ਨਾਲ ਹੀ ਮੌਸਮ ਕੇਂਦਰ ਵੀ ਗਰਮੀ ਦੀ ਸਲਾਹ ਦੇ ਰਿਹਾ ਹੈ। ਐਤਵਾਰ ਨੂੰ ਵੱਧ ਤੋਂ ਵੱਧ ਤਾਪਮਾਨ 39.3 ਡਿਗਰੀ ਸੈਲਸੀਅਸ ਅਤੇ ਘੱਟ ਤੋਂ ਘੱਟ ਤਾਪਮਾਨ 22.2 ਡਿਗਰੀ ਦਰਜ ਕੀਤਾ ਗਿਆ। ਮੌਸਮ ਵਿਭਾਗ ਦਾ ਕਹਿਣਾ ਹੈ ਕਿ ਆਉਣ ਵਾਲੇ ਦਿਨਾਂ 'ਚ ਤਾਪਮਾਨ 'ਚ ਵਾਧਾ ਜਾਰੀ ਰਹੇਗਾ। ਪਿਛਲੇ ਦੋ ਦਿਨਾਂ ਤੋਂ ਰਾਤ ਦੇ ਤਾਪਮਾਨ ਵਿੱਚ ਵਾਧਾ ਹੋਇਆ ਹੈ, ਜੋਕਿ ਜਾਰੀ ਰਹੇਗਾ। ਪਾਰਾ ਵਧਣ ਦੇ ਮੱਦੇਨਜਰ ਸਿਹਤ ਵਿਭਾਗ ਨੇ ਐਤਵਾਰ ਨੂੰ ਹੀਟ ਵੇਵ ਐਡਵਾਈਜਰੀ ਜਾਰੀ ਕੀਤੀ ਹੈ। ਵਿਭਾਗ ਦਾ ਕਹਿਣਾ ਹੈ ਕਿ ਅਪ੍ਰੈਲ ਅਤੇ ਜੂਨ ਦੇ ਤਾਪਮਾਨ ਨੂੰ ਵੇਖਦੇ ਹੋਏ ਆਉਣ ਵਾਲੇ ਦਿਨਾਂ 'ਚ ਤਾਪਮਾਨ ਹੋਰ ਵਧਣ ਦਾ ਅੰਦਾਜਾ ਲਗਾਇਆ ਜਾ ਰਿਹਾ ਹੈ। ਇਸ ਦੇ ਨਾਲ ਹੀ ਗਰਮੀ ਦੀ ਲਹਿਰ ਦੇ ਵੀ ਆਸਾਰ ਹਨ। ਐਡਵਾਈਜਰੀ ਰਾਹੀਂ ਲੋਕਾਂ ਨੂੰ ਥੋੜਾ ਸਾਵਧਾਨ ਰਹਿਣ ਲਈ ਕਿਹਾ ਗਿਆ ਹੈ। ਗਰਮੀ ਦੇ ਮੌਸਮ ਵਿੱਚ ਭਾਵੇਂ ਕੋਈ ਵੀ ਵਿਅਕਤੀ ਹੀਟ ਵੇਵ ਤੋਂ ਪ੍ਰਭਾਵਿਤ ਹੋ ਸਕਦਾ ਹੈ ਪਰ ਬੱਚੇ, ਬਜੁਰਗ ਅਤੇ ਗਰਭਵਤੀ ਔਰਤਾਂ ਹੀਟ ਵੇਵ ਤੋਂ ਜ਼ਿਆਦਾ ਪ੍ਰਭਾਵਿਤ ਹੁੰਦੀਆਂ ਹਨ। ਅਜਿਹੇ 'ਚ ਉਨ੍ਹਾਂ ਨੂੰ ਜ਼ਿਆਦਾ ਸਾਵਧਾਨ ਰਹਿਣ ਦੀ ਲੋੜ ਹੈ। ਭਵਿੱਖ 'ਚ ਤਾਪਮਾਨ ਇਸ ਤਰ੍ਹਾਂ ਹੀ ਰਹਿ ਸਕਦਾ ਹੈ ਸੋਮਵਾਰ ਨੂੰ ਆਸਮਾਨ 'ਚ ਅੰਸ਼ਕ ਤੌਰ 'ਤੇ ਬੱਦਲ ਛਾਏ ਰਹਿਣ ਦੀ ਸੰਭਾਵਨਾ ਹੈ। ਵੱਧ ਤੋਂ ਵੱਧ ਤਾਪਮਾਨ 39 ਅਤੇ ਘੱਟ ਤੋਂ ਘੱਟ 23 ਡਿਗਰੀ ਹੋ ਸਕਦਾ ਹੈ। ਮੰਗਲਵਾਰ ਨੂੰ ਹਲਕੇ ਬੱਦਲ ਛਾਏ ਹੋ ਸਕਦੇ ਹਨ। ਵੱਧ ਤੋਂ ਵੱਧ ਤਾਪਮਾਨ 40 ਅਤੇ ਘੱਟ ਤੋਂ ਘੱਟ 24 ਡਿਗਰੀ ਹੋ ਸਕਦਾ ਹੈ। ਬੁੱਧਵਾਰ ਨੂੰ ਵੀ ਬੱਦਲਵਾਈਂ ਹੋ ਸਕਦੀ ਹੈ। ਵੱਧ ਤੋਂ ਵੱਧ ਤਾਪਮਾਨ 39, ਜਦਕਿ ਘੱਟੋ-ਘੱਟ ਤਾਪਮਾਨ 24 ਡਿਗਰੀ ਹੋ ਸਕਦਾ ਹੈ।

## ਭਵਾਨੀਗੜ੍ਹ 'ਚ ਅੱਗ ਨੇ ਮਚਾਇਆ ਤਾਂਡਵ, 400 ਏਕੜ ਨਾੜ ਸਮੇਤ 50 ਭੇਡਾਂ-ਬੱਕਰੀਆਂ ਜਿਊਂਦੇ ਸੜੀਆਂ

ਭਵਾਨੀਗੜ੍ਹ 11 ਮਈ। ਭਵਾਨੀਗੜ੍ਹ ਦੇ ਨੇੜਲੇ ਪਿੰਡ ਰਾਮਗੜ੍ਹ ਦੇ ਖੇਤਾਂ ਵਿੱਚ ਸ਼ਨੀਵਾਰ ਨੂੰ ਅੱਗ ਨੇ ਤਾਂਡਵ ਮਚਾ ਦਿੱਤਾ। ਦੁਪਹਿਰ ਸਮੇਂ ਲੱਗੀ ਅੱਗ ਕਾਰਨ ਦੋ ਦਰਜਨ ਕਿਸਾਨਾਂ ਦਾ ਕਰੀਬ 300-400 ਏਕੜ ਨਾੜ ਅਤੇ ਇਕ ਕਿਸਾਨ ਦੀ ਕਰੀਬ 400-500 ਟਰਾਲੀ ਤੂੜੀ ਸੜ ਕੇ ਸੁਆਹ ਹੋ ਗਈ। ਉੱਥੇ ਹੀ ਖੇਤਾਂ ਨੇੜੇ ਬਾੜੇ 'ਚ ਖੜ੍ਹੀਆਂ 50 ਦੇ ਕਰੀਬ ਭੇਡਾਂ-ਬੱਕਰੀ ਵੀ ਇਸ ਭਿਆਨਕ ਅੱਗ ਦੀ ਲਪੇਟ ਆ ਜਾਣ ਕਾਰਨ ਜ਼ਿੰਦਾ ਸੜ ਗਈਆਂ। ਪਿੰਡ ਵਾਸੀਆਂ ਨੇ ਬਿਜਲੀ ਦੀਆਂ ਤਾਰਾਂ ਦੀ ਸਪਾਰਕਿੰਗ ਕਾਰਨ ਅੱਗ ਲੱਗਣ ਦਾ ਖਦਸ਼ਾ ਜਾਹਰ ਕੀਤਾ ਹੈ। ਘਟਨਾ ਸਬੰਧੀ ਪਿੰਡ ਦੇ ਲੋਕਾਂ ਨੇ ਦੱਸਿਆ ਕਿ ਦੁਪਹਿਰ ਡੇਢ ਵਜੇ ਦੇ ਕਰੀਬ ਕਪਿਆਲ ਨਹਿਰ ਵਾਲੇ ਪੁਲ ਨੇੜਲੇ ਖੇਤਾਂ ਤੋਂ ਸ਼ੁਰੂ ਹੋਈ ਅੱਗ ਉਨ੍ਹਾਂ ਦੇ ਪਿੰਡ ਵੱਲ ਨੂੰ ਵੱਧਦੀ ਚਲੀ ਗਈ ਅਤੇ ਅੱਗ ਨੇ ਕੁਝ ਹੀ ਮਿੰਟਾਂ 'ਚ 20-25 ਕਿਸਾਨਾਂ ਦੇ ਖੇਤਾਂ ਦੇ 300-400 ਏਕੜ ਨਾੜ ਨੂੰ ਸਾੜ ਕੇ ਰਾਖ ਕਰ ਦਿੱਤਾ। ਇਸ ਦੌਰਾਨ ਭਿਆਨਕ ਅੱਗ ਕਾਰਨ 3-4 ਪਾਥੀਆਂ ਵਾਲੇ ਗੁਹਾਰੇ ਅਤੇ ਪਿੰਡ ਦੀ ਫਿਰਨੀ ਨਾਲ ਗਰੀਬ ਮਜਦੂਰ ਪਰਿਵਾਰ ਨਾਲ ਸਬੰਧਤ ਮਹਿੰਦਰ ਸਿੰਘ ਪੁੱਤਰ ਸਾਧੂ ਸਿੰਘ ਵੱਲੋਂ ਬਣਾਏ ਪਸ਼ੂਆਂ ਦੇ ਵਾੜੇ 'ਚ ਖੜ੍ਹੀਆਂ ਉਸ



ਦੀਆਂ 40-45 ਦੇ ਕਰੀਬ ਭੇਡਾਂ-ਬੱਕਰੀਆਂ ਵੀ ਜ਼ਿੰਦਾ ਸੜ ਗਈਆਂ। ਇਸੇ ਦੌਰਾਨ ਫੈਲਦੀ-ਫੈਲਦੀ ਅੱਗ ਕਿਸਾਨ ਇੰਦਰਜੀਤ ਸਿੰਘ ਦੇ ਪਿੰਡ ਵਿੱਚਕਾਰ ਬਣੇ ਤੂੜੀ ਵਾਲੇ ਸ਼ੈੱਡ ਨੂੰ ਚੜ੍ਹ ਗਈ, ਜਿਸ ਕਾਰਨ ਕਿਸਾਨ ਦੀ 400-500 ਟਰਾਲੀ ਦੇ ਕਰੀਬ ਤੂੜੀ ਮੱਚ ਗਈ, ਜਿਸ ਨਾਲ ਲੱਖਾਂ ਰੁਪਏ ਦੇ ਨੁਕਸਾਨ ਦਾ ਖਦਸ਼ਾ ਹੈ। ਪਿੰਡ ਵਾਸੀ ਹਰਪਾਲ ਸਿੰਘ ਨੇ ਦੱਸਿਆ ਕਿ ਜਿਵੇਂ ਹੀ ਅੱਗ ਲੱਗਣ ਬਾਰੇ ਪਤਾ ਲੱਗਾ ਤਾਂ ਪਿੰਡ ਵਾਸੀਆਂ ਨੇ ਆਪਣੇ ਪੱਧਰ 'ਤੇ ਟਰੈਕਟਰਾਂ ਜਾਂ ਮੌਕੇ 'ਤੇ ਹੋਰ ਸਾਧਨਾਂ ਰਾਹੀਂ ਅੱਗ 'ਤੇ ਕਾਬੂ ਪਾਉਣ ਦੇ ਯਤਨ ਸ਼ੁਰੂ ਕਰ ਦਿੱਤੇ ਹਾਲਾਂਕਿ ਅੱਗ ਦੀ ਸੂਚਨਾ ਮਿਲਣ ਤੋਂ ਬਾਅਦ ਮੌਕੇ 'ਤੇ ਪਹੁੰਚੀ ਫਾਇਰ ਬ੍ਰਿਗੇਡ ਦੀ ਗੱਡੀ ਨੇ ਇਸ ਭਿਆਨਕ ਅੱਗ 'ਤੇ ਕਾਬੂ ਪਾਇਆ ਪਰ ਉਦੋਂ ਤੱਕ ਕਾਫੀ ਜ਼ਿਆਦਾ ਨੁਕਸਾਨ ਹੋ ਚੁੱਕਾ ਸੀ। ਪਿੰਡ ਵਾਸੀਆਂ ਨੇ ਦੱਸਿਆ ਕਿ ਅੱਗ 'ਚ ਪਸ਼ੂ ਸੜ ਜਾਣ ਕਾਰਨ ਗਰੀਬ ਪਸ਼ੂ ਪਾਲਕ ਮਹਿੰਦਰ ਸਿੰਘ ਦਾ 10-12 ਲੱਖ ਰੁਪਏ ਦਾ ਨੁਕਸਾਨ ਹੋ ਗਿਆ। ਕਿਸਾਨਾਂ ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਗਰੀਬ ਪਸ਼ੂ ਪਾਲਕ ਅਤੇ ਕਿਸਾਨਾਂ ਦੇ ਹੋਏ ਵੱਡੇ ਨੁਕਸਾਨ ਲਈ ਮੁਆਵਜੇ ਦੀ ਮੰਗ ਕੀਤੀ ਹੈ।

## ਚੋਰਾਂ ਨੇ ਗੁੱਜਰ ਪਰਿਵਾਰ ਦੇ ਘਰ ਨੂੰ ਲਾਈ ਸੰਨ੍ਹ, 30 ਤੋਲੇ ਸੋਨਾ ਤੇ 2 ਲੱਖ ਰੁਪਏ ਕੀਤੇ ਚੋਰੀ

ਮੁਕੇਰੀਆਂ 11 ਮਈ। ਉੱਪ ਮੰਡਲ ਮੁਕੇਰੀਆਂ ਦੇ ਪਿੰਡ ਅਲੀਪੁਰ ਵਿਖੇ ਬੀਤੀ ਰਾਤ ਅਣਪਛਾਤੇ ਚੋਰਾਂ ਵੱਲੋਂ ਇੱਕ ਗੁੱਜਰ ਪਰਿਵਾਰ ਦੇ ਘਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਵੱਡੀ ਗਿਣਤੀ ਵਿੱਚ ਸੋਨਾ ਅਤੇ ਲੱਖਾਂ ਦੀ ਨਗਦੀ ਚੋਰੀ ਕਰ ਫਰਾਰ ਹੋ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੀੜਤ ਹੈਪੀ ਪੁੱਤਰ ਬਲੀ ਮੁਹੰਮਦ ਨਿਵਾਸੀ ਅਲੀਪੁਰ ਨੇ ਦੱਸਿਆ ਕਿ ਬੀਤੀ ਰਾਤ ਅਸੀਂ ਆਪਣੇ ਘਰ ਦੇ ਬਾਹਰ ਸੁੱਤੇ ਪਏ ਸੀ ਜਿਸ ਤੋਂ ਬਾਅਦ ਅਣਪਛਾਤੇ ਚੋਰਾਂ ਨੇ ਘਰ ਦੀ ਦੀਵਾਰ ਤੋੜ ਅੰਦਰੋਂ ਅਲਮਾਰੀ, ਬੈੱਡ ਅਤੇ ਪੇਟੀ ਦੀ ਫਰੋਲਾ ਫ਼ਰਾਲੀ ਕਰ ਕੇ 30 ਤੋਲੇ ਸੋਨੇ ਦੇ ਗਹਿਣੇ ਅਤੇ 2 ਲੱਖ ਰੁਪਏ ਦੀ ਨਗਦੀ ਲੈ ਕੇ ਫ਼ਰਾਰ ਹੋ ਗਏ। ਚੋਰੀ ਹੋਣ ਦਾ ਸਾਨੂੰ ਉਸ ਵੇਲੇ ਪਤਾ ਲੱਗਾ ਜਦੋਂ ਅਸੀਂ ਧਾਰਾਂ ਕੱਢਣ ਲਈ ਉੱਠੇ ਅਤੇ ਪੱਕੇ ਕਮਰੇ ਦੇ ਅੰਦਰ ਜਾ ਕੇ ਇਹ ਦੇਖ ਸਾਡੇ ਹੋਸ਼ ਉੱਡ ਗਏ ਕਿ ਚੋਰਾਂ ਨੇ ਸਾਡੇ ਘਰ ਦੀ ਦੀਵਾਰ ਪਾੜ੍ਹ ਕੇ ਚੋਰੀ ਕਰ ਲਈ ਹੈ। ਇਸ ਦੀ ਸੂਚਨਾ ਮੁਕੇਰੀਆਂ ਪੁਲਸ ਨੂੰ ਕੀਤੀ ਗਈ ਜਿਸ 'ਤੇ ਹੈੱਡ ਕਾਂਸਟੇਬਲ ਕਰਨੈਲ ਸਿੰਘ ਸਾਥੀਆਂ ਸਮੇਤ ਪੁਹੰਚੇ ਅਤੇ ਮੌਕਾ ਦੇਖਿਆ। ਫਿਲਹਾਲ ਪੁਲਸ਼ ਵੱਲੋਂ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

## ਅੰਮ੍ਰਿਤਸਰ ਪੁਲਸ ਦੀ ਵੱਡੀ ਕਾਰਵਾਈ, 4 ਕਿਲੋ ਆਈਸ ਤੇ 1 ਕਿਲੋ ਹੈਰੋਇਨ ਸਣੇ ਇਕ ਵਿਅਕਤੀ ਗ੍ਰਿਫ਼ਤਾਰ

ਚੰਡੀਗੜ੍ਹ/ਅੰਮ੍ਰਿਤਸਰ 11 ਮਈ। । ਸਰਹੱਦ ਪਾਰੋਂ ਨਸ਼ਾ ਤਸਕਰੀ ਕਰਨ ਵਾਲੇ ਨੈਟਵਰਕ ਦੇ ਖ਼ਿਲਾਫ ਖੁਫੀਆ ਇਤਲਾਹ 'ਤੇ ਕੀਤੀ ਕਾਰਵਾਈ ਵਿੱਚ, ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕਰਕੇ ਉਸ ਕੋਲੋਂ 4 ਕਿਲੋ ਆਈਸੀਈ ਡਰੱਗ (ਕ੍ਰਿਸਟਲ ਮੇਥਾਮਫੇਟਾਮਾਈਨ) ਅਤੇ 1 ਕਿਲੋ ਹੈਰੋਇਨ ਬਰਾਮਦ ਕੀਤੀ ਹੈ। ਇਹ ਜਾਣਕਾਰੀ ਡੀਜੀਪੀ ਪੰਜਾਬ ਗੌਰਵ ਯਾਦਵ ਨੇ ਇੱਥੇ ਸ਼ੁੱਕਰਵਾਰ ਨੂੰ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਅਵਤਾਰ ਸਿੰਘ ਵਾਸੀ ਪਿੰਡ ਕੱਕੜ ਜ਼ਿਲ੍ਹਾ ਅੰਮ੍ਰਿਤਸਰ ਵਜੋਂ ਹੋਈ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ (ਸੀ.ਆਈ.) ਅੰਮ੍ਰਿਤਸਰ ਨੂੰ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਕਿ ਮੁਲਜ਼ਮ ਅਵਤਾਰ ਸਿੰਘ ਨੇ ਅਜਨਾਲਾ ਦੇ ਪਿੰਡ ਭਿੰਡੀ ਸੈਦਾਂ ਤੋਂ ਨਸ਼ੀਲੇ ਪਦਾਰਥਾਂ ਦੀ ਇੱਕ ਖੇਪ ਬਰਾਮਦ ਕੀਤੀ ਹੈ ਅਤੇ ਇਸ ਖੇਪ ਨੂੰ ਛੇਹਰਟਾ ਦੇ ਸ਼ੇਰ ਸ਼ਾਹ ਸੂਰੀ ਰੋਡ ਸਥਿਤ ਹਰਗੋਬਿੰਦ ਐਵੀਨਿਊ ਨੇੜੇ ਪਹੁੰਚਾਉਣ ਜਾ ਰਿਹਾ ਹੈ। ਇਸ ਤੇ ਤਰੁੰਤ ਕਾਰਵਾਈ ਕਰਦਿਆਂ ਡੀ.ਐਸ.ਪੀ. ਸੀ.ਆਈ ਬਲਬੀਰ ਸਿੰਘ ਦੀ ਅਗਵਾਈ ਵਿੱਚ ਸੀ.ਆਈ. ਅੰਮ੍ਰਿਤਸਰ ਦੀਆਂ ਪੁਲਿਸ ਟੀਮਾਂ ਨੇ ਨਿਰਧਾਰਿਤ ਸਥਾਨ 'ਤੇ ਛਾਪੇਮਾਰੀ ਕੀਤੀ ਅਤੇ ਦੋਸ਼ੀ ਵਿਅਕਤੀ ਨੂੰ



ਗ੍ਰਿਫ਼ਤਾਰ ਕਰਕੇ ਉਸਦੇ ਕਬਜ਼ੇ 'ਚੋਂ 4 ਕਿਲੋ ਆਈ.ਸੀ.ਈ. ਡਰੱਗ ਅਤੇ 1 ਕਿਲੋ ਹੈਰੋਇਨ ਬਰਾਮਦ ਕੀਤੀ । ਡੀਜੀਪੀ ਨੇ ਦੱਸਿਆ ਕਿ ਜਾਂਚ ਦੌਰਾਨ ਪਤਾ ਲੱਗਾ ਹੈ ਕਿ ਮੁਲਜ਼ਮ ਅਵਤਾਰ ਪਾਕਿਸਤਾਨ ਅਧਾਰਤ ਨਸ਼ਾ ਤਸਕਰ ਦੇ ਸਿੱਧੇ ਸੰਪਰਕ ਵਿੱਚ ਸੀ। ਜਾਂਚ ਤੋਂ ਇਹ ਵੀ ਪਤਾ ਲੱਗਾ ਹੈ ਕਿ ਪਾਕਿਸਤਾਨ ਅਧਾਰਤ ਨਸ਼ਾ ਤਸਕਰ ਨੇ ਸਰਹੱਦ ਪਾਰੋਂ ਨਸ਼ੀਲੇ ਪਦਾਰਥ ਦੀ ਖੇਪ ਪਹੁੰਚਾਉਣ ਲਈ ਡਰੋਨ ਦੀ ਵਰਤੋਂ ਕੀਤੀ ਸੀ। ਉਨ੍ਹਾਂ ਕਿਹਾ ਕਿ ਪੂਰੇ ਨੈੱਟਵਰਕ ਦਾ ਪਰਦਾਫਾਸ਼ ਕਰਨ ਲਈ ਅਗਲੀਆਂ -ਪਿਛਲੀਆਂ ਕੜੀਆਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਜਾਰੀ ਹੈ। ਇਸ ਸਬੰਧੀ ਐੱਫ.ਆਈ.ਆਰ. ਨੰਬਰ 26 ਮਿਤੀ 02.05.2024 ਨੂੰ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ 21, 22 ਅਤੇ 29 ਤਹਿਤ ਥਾਣਾ ਐਸ.ਐਸ.ਓ.ਸੀ. ਅੰਮ੍ਰਿਤਸਰ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਮੁਲਜ਼ਮ ਅਵਤਾਰ ਸਿੰਘ ਨੂੰ ਸਥਾਨਕ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ, ਜਿੱਥੇ ਪੁਲੀਸ ਉਸ ਦੇ ਰਿਮਾਂਡ ਲਈ ਮੰਗ ਕਰੇਗੀ ਤਾਂ ਜੋ ਨਸ਼ਿਆਂ ਦੇ ਇਸ ਕਾਰੋਬਾਰ ਵਿੱਚ ਸ਼ਾਮਲ ਉਸ ਦੇ ਹੋਰਨਾਂ ਸਾਥੀਆਂ ਬਾਰੇ ਵੀ ਅਹਿਮ ਜਾਣਕਾਰੀ ਜੁਟਾਈ ਜਾ ਸਕੇ।

## ਰੁਕਣ ਦਾ ਇਸ਼ਾਰਾ ਕਰਨ 'ਤੇ ਨਾਬਾਲਗ ਮੁੰਡੇ ਨੇ ਏ. ਐੱਸ. ਆਈ. 'ਚ ਮਾਰਿਆ ਮੋਟਰਸਾਈਕਲ, ਲੱਤ ਟੁੱਟੀ

ਬਨੂੜ 11 ਮਈ। ਟ੍ਰੈਫਿਕ ਪੁਲਸ ਬਨੂੜ ਦੇ ਕਰਮਚਾਰੀਆਂ ਨੇ ਮੋਟਰਸਾਈਕਲ ਸਵਾਰ ਨਾਬਾਲਗ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਚਾਲਕ ਨੇ ਭਜਾ ਕੇ ਮੋਟਰਸਾਈਕਲ ਏ. ਐੱਸ. ਆਈ. ਦੀ ਲੱਤ 'ਚ ਮਾਰਿਆ, ਜਿਸ ਕਾਰਨ ਏ. ਐੱਸ. ਆਈ. ਦੀ ਲੱਤ ਟੁੱਟ ਗਈ। ਉਸ ਨੂੰ ਇਲਾਜ ਲਈ ਹਸਪਤਾਲ ਭਰਤੀ ਕਰਵਾਇਆ ਗਿਆ ਹੈ। ਜਾਣਕਾਰੀ ਦਿੰਦਿਆਂ ਏ. ਐੱਸ. ਆਈ. ਸਤੀਸ਼ ਕੁਮਾਰ ਟਰੈਫਿਕ ਇੰਚਾਰਜ ਬਨੂੜ ਨੇ ਦੱਸਿਆ ਕਿ ਉਹ ਸਵੇਰੇ 11 ਵਜੇ ਦੇ ਕਰੀਬ ਆਪਣੇ ਕਰਮਚਾਰੀਆਂ ਨੂੰ ਲੈ ਕੇ ਸ਼ਹਿਰ 'ਚੋਂ ਲੰਘਦੇ ਕੌਮੀ ਮਾਰਗ ਦੀ ਸਰਵਿਸ ਮਾਰਗ 'ਤੇ ਸਥਿਤ ਥਾਣਾ ਰੋਡ ਟੀ-ਪੁਆਇੰਟ 'ਤੇ ਨਾਕਾ ਲਗਾ ਕੇ ਵਾਹਨਾਂ ਦੀ ਚੈਕਿੰਗ ਕਰ ਰਹੇ ਸਨ। ਇਸ ਦੌਰਾਨ ਜਦੋਂ ਟਰੈਫਿਕ ਪੁਲਸ ਦੇ ਹੈੱਡ ਕਾਂਸਟੇਬਲ ਗੁਰਵਿੰਦਰ ਸਿੰਘ ਨੇ 2 ਨਾਬਾਲਗ ਮੋਟਰਸਾਈਕਲ ਸਵਾਰ ਲੜਕਿਆਂ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ



ਉਨ੍ਹਾਂ ਨੇ ਰੋਕਣ ਦੀ ਬਜਾਏ ਤੇਜ ਕਰਕੇ ਮੋਟਰਸਾਈਕਲ ਨਾਕੇ 'ਤੇ ਖੜੇ ਏ. ਐੱਸ. ਆਈ. ਰਜਿੰਦਰ ਸਿੰਘ ਦੀ ਲੱਤ 'ਚ ਮਾਰਿਆ ਜਿਸ ਕਾਰਨ ਉਹ ਸੜਕ 'ਤੇ ਟੀ-ਪੁਆਇੰਟ 'ਤੇ ਨਾਕਾ ਲਗਾ ਕੇ ਵਾਹਨਾਂ ਦੀ ਚੈਕਿੰਗ ਕਰ ਰਹੇ ਸਨ। ਇਸ ਦੌਰਾਨ ਜਦੋਂ ਟਰੈਫਿਕ ਪੁਲਸ ਦੇ ਹੈੱਡ ਕਾਂਸਟੇਬਲ ਗੁਰਵਿੰਦਰ ਸਿੰਘ ਨੇ 2 ਨਾਬਾਲਗ ਮੋਟਰਸਾਈਕਲ ਸਵਾਰ ਲੜਕਿਆਂ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਉਨ੍ਹਾਂ ਨੇ ਰੋਕਣ ਦੀ ਬਜਾਏ ਡਿੱਗਣ ਕਾਰਨ ਗੰਭੀਰ ਜਖਮੀ ਹੋ ਗਿਆ। ਜਦੋਂ ਉਸ ਨੂੰ ਚੁੱਕ ਕੇ ਇਲਾਜ ਲਈ ਗਿਆਨ ਸਾਗਰ ਹਸਪਤਾਲ ਲੈ ਕੇ ਗਏ ਤਾਂ ਡਾਕਟਰਾਂ ਨੇ ਦੱਸਿਆ ਕਿ ਉਸ ਦੀ ਲੱਤ ਗੋਡੇ ਦੇ ਨੇੜਿਓਂ ਟੁੱਟ ਗਈ ਹੈ। ਉਸ ਨੂੰ ਇਲਾਜ ਲਈ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਰੈਫਰ ਕਰ ਦਿੱਤਾ ਗਿਆ ਹੈ। ਟਰੈਫਿਕ ਇੰਚਾਰਜ ਨੇ ਦੱਸਿਆ ਕਿ ਮੋਟਰਸਾਈਕਲ ਕਬਜੇ 'ਚ ਲੈ ਕੇ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ। ਇਸ ਮੌਕੇ ਏ. ਐੱਸ. ਆਈ. ਰਣਧੀਰ ਸਿੰਘ, ਪਰਮਜੀਤ ਸਿੰਘ, ਗੁਰਵਿੰਦਰ ਸਿੰਘ ਤੋਂ ਇਲਾਵਾ ਟਰੈਫਿਕ ਪੁਲਸ ਦੇ ਹੋਰ ਕਰਮਚਾਰੀ ਹਾਜ਼ਰ ਸਨ।

## ਮਾਮਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀ ਘਟਨਾ ਦਾ: ਸਿੱਖ ਜਥੇਬੰਦੀਆਂ 'ਚ ਰੋਸ ਦੀ ਲਹਿਰ

ਫਿਰੋਜ਼ਪੁਰ 11 ਮਈ। ਫਿਰੋਜ਼ਪੁਰ ਦੇ ਪਿੰਡ ਬੰਡਾਲਾ ਦੇ ਸ੍ਰੀ ਗੁਰਦੁਆਰਾ ਬਾਬਾ ਵੀਰ ਸਿੰਘ ਵਿਚ ਹੋਈ ਬੇਅਦਬੀ ਦੀ ਘਟਨਾ ਨੂੰ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਪੰਜਾਬ ਅਤੇ ਹੋਰ ਸਿੱਖ ਜਥੇਬੰਦੀਆਂ ਵਿਚ ਰੋਸ ਦੀ ਲਹਿਰ ਪਾਈ ਜਾ ਰਹੀ ਹੈ। ਉਥੇ ਹੀ



ਇਸ ਘਟਨਾ 'ਤੇ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਅਹੁਦੇਦਾਰਾਂ ਤੇ ਮੈਂਬਰਾਂ ਨੇ ਡੂੰਘੀ ਚਿੰਤਾ ਪ੍ਰਗਟਾਈ ਹੈ। ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਪੰਜਾਬ ਦੇ ਪ੍ਰਧਾਨ ਲਖਵੀਰ ਸਿੰਘ ਮਹਾਲਮ ਅਤੇ ਉਨ੍ਹਾਂ ਦੇ ਸਾਥੀਆਂ ਨੇ ਕਿਹਾ ਕਿ ਬੇਅਦਬੀ ਕਰਨ ਵਾਲਿਆਂ ਵਿਰੁੱਧ ਸਰਕਾਰ ਅਤੇ ਪੁਲਸ ਵੱਲੋਂ ਕੋਈ ਸਖਤ ਕਾਰਵਾਈ ਨਹੀਂ ਕੀਤੀ ਜਾ ਰਹੀ, ਜਿਸ ਕਾਰਨ ਅਜਿਹੀਆਂ ਬੇਅਦਬੀ ਦੀਆਂ ਘਟਨਾਵਾਂ ਵਾਰ-ਵਾਰ ਵਾਪਰ ਰਹੀਆਂ ਹਨ। ਦੂਜੇ ਪਾਸੇ ਇਸ ਘਟਨਾ ਲਈ ਜ਼ਿੰਮੇਵਾਰ ਨੌਜਵਾਨ ਬਖਸ਼ੀਸ਼ ਦੀ ਲਾਸ਼ ਨੂੰ ਅੱਜ ਪੋਸਟਮਾਰਟਮ ਲਈ ਸਿਵਲ ਹਸਪਤਾਲ ਫਿਰੋਜ਼ਪੁਰ 'ਚ ਲਿਆਂਦਾ ਗਿਆ, ਜਿਸ ਨੂੰ ਪੋਸਟਮਾਰਟਮ ਲਈ ਮੈਡੀਕਲ ਕਾਲਜ ਫਰੀਦਕੋਟ ਭੇਜ ਦਿੱਤਾ ਗਿਆ ਹੈ। ਇਸ ਘਟਨਾ 'ਚ ਮਾਰੇ ਗਏ 20 ਸਾਲਾ ਨੌਜਵਾਨ ਬਖਸ਼ੀਸ਼ ਦੇ ਕਤਲ ਦੇ ਦੋਸ਼ 'ਚ ਫਿਰੋਜ਼ਪੁਰ ਪੁਲਸ ਨੇ ਉਸ ਦੇ ਪਿਤਾ ਲਖਵਿੰਦਰ ਵੱਲੋਂ ਦਿੱਤੇ ਬਿਆਨਾਂ ਦੇ ਆਧਾਰ 'ਤੇ ਕੁਝ ਵਿਅਕਤੀਆਂ ਖ਼ਿਲਾਫ ਮਾਮਲਾ ਦਰਜ ਕਰ ਲਿਆ ਹੈ। ਸਿਵਲ ਹਸਪਤਾਲ ਫਿਰੋਜ਼ਪੁਰ 'ਚ ਮ੍ਰਿਤਕ ਬਖਸ਼ੀਸ਼ ਦੇ ਪਿਤਾ ਲਖਵਿੰਦਰ ਅਤੇ ਮਾ ਨੇ ਰੋ-ਰੋ ਕੇ ਦੱਸਿਆ ਕਿ ਉਨ੍ਹਾਂ ਦਾ ਇਕਲੌਤਾ ਮੁੰਡਾ ਮਾਨਸਿਕ ਤੌਰ 'ਤੇ ਬੀਮਾਰ ਸੀ। ਉਸ ਦਾ ਦਿਮਾਗੀ ਸੰਤੁਲਨ ਠੀਕ ਨਹੀਂ ਸੀ, ਜਿਸ ਦਾ ਪਿਛਲੇ 2 ਸਾਲਾਂ ਤੋਂ ਫਰੀਦਕੋਟ ਦੇ ਹਸਪਤਾਲ ਤਸਭ ਇਲਾਜ ਚੱਲ ਰਿਹਾ ਸੀ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੇ ਪੁੱਤਰ ਦਾ ਤਲਵਾਰਾਂ ਨਾਲ ਬੇਰਹਿਮੀ ਨਾਲ ਕਤਲ ਕੀਤਾ ਗਿਆ ਹੈ। ਜਿਵੇਂ ਹੀ ਉਸ ਨੂੰ ਇਸ ਘਟਨਾ ਦਾ ਪਤਾ ਲੱਗਿਆ ਤਾਂ ਉਹ ਤੁਰੰਤ ਬਖਸ਼ੀਸ਼ ਦੇ ਇਲਾਜ ਵਾਲੀਆਂ ਪਰਚੀਆਂ ਲੈ ਕੇ ਉਥੇ ਗਿਆ ਅਤੇ ਉਸ ਨੇ ਭੀੜ ਵਿਚ ਮੌਜੂਦ ਸਾਰੇ ਲੋਕਾਂ ਨੂੰ ਪਰਚੀਆਂ ਦਿਖਾ ਕੇ ਉਨ੍ਹਾਂ ਦੀਆਂ ਮਿੰਨਤਾਂ ਕੀਤੀਆਂ ਪਰ ਕਿਸੇ ਨੇ ਉਸ ਦੀ ਗੱਲ ਨਹੀਂ ਸੁਣੀ ਅਤੇ ਉਸਦੇ ਸਾਹਮਣੇ ਉਸਦੇ ਪੁੱਤਰ ਨੂੰ ਬੇਰਹਿਮੀ ਨਾਲ ਤਲਵਾਰਾਂ ਨਾਲ ਵੱਢ ਮਾਰਿਆ।

## ਦਸੂਹਾ 'ਚ ਅਕਾਲੀ ਦਲ ਨੂੰ ਲੱਗੇਗਾ ਵੱਡਾ ਝਟਕਾ

ਦਸੂਹਾ 11 ਮਈ। । ਸਾਬਕਾ ਵਿਧਾਇਕ ਬੀਬੀ ਸੁਖਜੀਤ ਕੌਰ ਸਾਹੀ ਅਕਾਲੀ ਦਲ ਨੂੰ ਛੱਡ ਕੇ ਭਾਜਪਾ ਵਿੱਚ ਸਾਮਲ ਹੋ ਰਹੇ ਹਨ। ਜਿਸ ਦੀ ਪੁਸਟੀ ਕਰਦਿਆਂ ਜ਼ਿਲ੍ਹਾ ਭਾਜਪਾ ਦੇ ਪ੍ਰਧਾਨ ਅਜੇ ਕੌਸਲ ਸੇਠੂ ਹੋਰਾਂ ਕਰਦੇ ਹੋਏ ਗੱਲਬਾਤ ਦੌਰਾਨ ਕਿਹਾ ਕਿ ਅੱਜ ਦੁਪਹਿਰ ਸਾਡੇ ਤਿੰਨ ਵਜੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ, ਸਾਬਕਾ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ ਅਤੇ ਭਾਜਪਾ ਦੇ ਉਮੀਦਵਾਰ ਅਨੀਤਾ ਸੋਮ ਪ੍ਰਕਾਸ ਅਤੇ ਹੋਰ ਭਾਜਪਾ ਅਹੁਦੇਦਾਰਾਂ ਦੀ ਹਾਜਰੀ ਵਿੱਚ ਬੀਬੀ ਸੁਖਜੀਤ ਕੌਰ ਸ਼ਾਹੀ ਭਾਜਪਾ ਵਿੱਚ ਸਾਮਲ ਹੋਣਗੇ। ਜ਼ਿਕਰਯੋਗ ਹੈ ਕਿ ਬੀਬੀ ਸੁਖਜੀਤ ਕੌਰ ਸਾਹੀ ਦੇ ਪਤੀ ਅਮਰਜੀਤ ਸਿੰਘ ਸਾਹੀ ਵੀ ਭਾਜਪਾ ਦੇ ਵਿਧਾਇਕ ਰਹੇ ਹਨ, ਉਨ੍ਹਾਂ ਦੀ ਅਚਾਨਕ ਮੌਤ ਤੋਂ ਬਾਅਦ ਬੀਬੀ ਸਾਹੀ ਨੂੰ ਟਿਕਟ ਮਿਲੀ ਅਤੇ ਉਹ ਜੇਤੂ ਰਹੇ ਸਨ। ਬੀਬੀ ਸਾਹੀ ਕੁਝ ਸਮਾਂ ਪਹਿਲਾਂ ਅਕਾਲੀ ਦਲ ਵਿੱਚ ਚਲੇ ਗਏ ਸਨ, ਜਿਨ੍ਹਾਂ ਦੀ ਅੱਜ ਤੋਂ ਫ਼ਿਰ ਭਾਜਪਾ ਲੀਡਰਸ਼ਿਪ ਵੱਲੋਂ ਘਰਵਾਪਸੀ ਕਰਵਾਈ ਜਾ ਰਹੀ ਹੈ, ਜਿਸ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਵੱਡਾ ਝਟਕਾ ਲੱਗਾ ਹੈ। ਇਸ ਗੱਲ ਦੀ ਪੁਸਟੀ ਬੀਬੀ ਸਾਹੀ ਦੇ ਲੜਕੇ ਹਰਸਿਮਰਤ ਸਿੰਘ ਸਾਹੀ ਨੇ ਵੀ ਕੀਤੀ ਹੈ।

## ਜੈਨੇਟਿਕ ਬਿਮਾਰੀਆਂ ਤੋਂ ਜਲਦੀ ਮੌਤ ਦੇ ਜੋਖਮ ਨੂੰ 62 ਫੀਸਦੀ ਤੱਕ ਘਟਾਉਂਦੀ ਹੈ 'ਕਸਰਤ ਤੇ ਖੁਰਾਕ'

ਜਲੰਧਰ 11 ਮਈ। । ਹਾਲ ਹੀ ਵਿਚ ਹੋਈ ਇਕ ਖੋਜ ਅਨੁਸਾਰ ਜ਼ਿੰਦਗੀ ਵਿਚ ਖਾਣ-ਪੀਣ ਦੀਆਂ ਚੰਗੀਆਂ ਆਦਤਾਂ ਅਤੇ ਕਸਰਤ ਕਰਨ ਨਾਲ ਜਲਦੀ ਮੌਤ ਦੇ ਜੈਨੇਟਿਕ ਖਤਰੇ ਨੂੰ 62 ਫੀਸਦੀ ਤੱਕ ਘੱਟ ਕੀਤਾ ਜਾ ਸਕਦਾ ਹੈ। ਇਹ ਦੱਸਦਾ ਹੈ ਕਿ ਮਾਤਾ-ਪਿਤਾ ਜਾਂ ਪੂਰਵਜਾਂ ਤੋਂ ਵਿਰਾਸਤ ਵਿਚ ਮਿਲੀ ਬਿਮਾਰੀ ਲਈ ਜੀਨ ਜਲਦੀ ਮੌਤ ਦੇ ਜੋਖਮ ਲਈ ਜ਼ਿੰਮੇਵਾਰ ਹਨ। ਅਜਿਹੀ ਸਥਿਤੀ ਵਿਚ ਇਹ ਨਿਸਚਤ ਹੈ ਕਿ ਜੈਨੇਟਿਕ ਤੌਰ 'ਤੇ ਵਿਰਾਸਤੀ ਬਿਮਾਰੀਆਂ ਸਾਡੀ ਸਿਹਤ ਨੂੰ ਪ੍ਰਭਾਵਿਤ ਕਰਦੀਆਂ ਹਨ, ਜਿਸ ਨਾਲ ਜਲਦੀ ਮੌਤ ਦਾ ਖਤਰਾ ਵੱਧ ਜਾਂਦਾ ਹੈ। ਇਹ ਖੋਜ ਵਿਗਿਆਨ ਪਤ੍ਰਿਕਾ ਬੀ. ਐੱਮ. ਜੀ. ਵਿਚ ਪ੍ਰਕਾਸ਼ਿਤ ਹੋਈ ਹੈ।


### NAME CHANGE
I, GULKHARI DEVI Mother of No-15703704N Rank-HAV Name-PRAMOD KUMAR SINGH R/o VILL-SILOUNDHA, PO-DANGRI, TEH-MOHANIA, DIST-KAIMUR (BHABUA), BIHAR-821109, have changed my name from GULKHARI DEVI to GUJRATI DEVI for all future purposes and in my son's service records my date of birth wrongly mentioned as 01/07/1964 instead of my correct date of birth as 01/01/1965 vide affidavit dated 09/05/2024 before Notary Public, Delhi.

### NAME CHANGE
It is for general information that I, KARAN WALIA S/O RAMESH KUMAR WALIA R/O F1/186, 1st FLOOR, SECTOR-16, ROHINI, F BLOCK, VIKRANT PROPERTY WALI GALI, NORTH WEST DELHI, DELHI-110085 declare that name of my minor son has been wrongly written as SHERYANSH WALIA in my minor son SHREYANSH WALIA aged10 years in his School Record. The actual name of my son is SHREYANSH WALIA, which may be amended accordingly.

### PUBLIC NOTICE
My client Kamrul Islam S/o Abdul Salam R/o 352, Gali No.12, Near Mustafa Masjid, Jaitpur Extension, Part-II, PO Badarpur, New Delhi-110044, have severed all his relations with his son namely Altmas and disowned him from all movable and immovable properties and assets due to his misconduct. My client will not responsible for his any act in future.

**SHAHNAWAZ Advocate**
Chamber No.213
Saket Court Complex,
New Delhi-110054

### PUBLIC NOTICE
Public notice is hereby given that Mr. Ajay Gagneja, is the owner of the Entire Third Floor with roof rights, Built up on Property Bearing No. 48/7, area measuring 200 sq. yds., situated at East Patel Nagar, New Delhi and said property purchase his mother Mrs. Anjali Gagneja vide Sale Deed dated 14.07.2006. Subsequently, Mrs. Anjali Gagneja passed away on 20.10.2010 and leaving behind following legal heirs Mr. Ankush Gagneja (husband) Mr. Anshul Gagneja (Son) and Mr. Ajay Gagneja (Son). Thereafter Mr. Ankush Gagneja & Mr. Anshul Gagneja release/transfer their share in favour of Mr. Ajay Gagneja through a Relinquishment Deed Dated 07.11.2023.The same property is being financed by RBL Bank Limited, located at AF 19, 20, 21 FF Aditya Mall, Indirapuram, Ghaziabad U.P. 201012. If any person(s) objection & regarding subject property, then kindly may submit his/her objection within 07 days from the date of the Notice in writing. The said objection may be kindly sent to the undersigned by way of the Registered Post on the address given below and by E-mail. failing which, the claim as per aforesaid shall be treated as null and void in respect of the subject property.

**[ASHWANI KUMAR] Advocate**
Chamber No. 122,
Tehsil Compound, Ghaziabad, U.P.

### NAME CHANGE
I, Ravit Kumar / Ravit Sharma s/o Rajender Sharma R/o Z-707, Sidharth Apartment, Pitam Pura, Delhi-110034, have changed my name to Ravit Kumar Sharma for all future purposes.

### PUBLIC NOTICE
It is for general information that I Lalit Kumar S/o Rajesh Kumar residing at House No.320, Gali No.D-5, Batra Hospital, Sangam Vihar, Khanpur Delhi-110062 declare that name of my father has been wrongly written as Rajesh Kumar Sharma in my Education Documents, Aadhar Card, Pan Card and Driving License. The actual name of my father is Rajesh Kumar which may be amended accordingly.

### NAME CHANGE
I Anita W/O of No - 2802665 H HAV Shinde Prakash Sambhaji R/O village - Hanmantwadi Post - Hanmantwadi Tel - karveer Dist - Kolhapur Pin - 416010 State - Maharashtra Have changed my name from Anita To Anita Prakash Shinde for all future 19/12/2022 before notary public, Delhi

### NAME CHANGE
I, DEEPALI W/O NO 2798487L.HAV KIRDAT ANKUSH JAYRAM. R/O VILL_KARANDI POST_KARANDI TEH_SATARA DIST_SATARA MAHARASHTRA 415002 have changed my name from deepali to *DEEPALI* *ANKUSH* *KIRDAT*.for all future purpose vide Affidavit dated 20/12/2022 before notary public, Delhi

### PUBLIC NOTICE
Information is given to general public at large that our clients (1) Mr. Paras Kumrah (2) Mr. Puneet Kumrah are the owner of Freehold Residential Built up First Floor, upto celling level, Built on Portion of Property Bearing No. 275, area measuring of Plot 43.89 Sq. Mtrs. out of Khasra no. 27/5/1 & 27/52, Situated in the abadi of Ram Nagar, Krishna Nagar, in the area of Village Khureji Khas, Illaqa Shahdara, Delhi-110051. By Virtue of Sale Deed dated 16.06.2022 duly registered in the office of SR-VIII doc no. 5284 vol. no. 10277 on page no. 192-197 dated 16.06.2022. in the chain document below mentioned document not available i.e. Probate Order of Will date 12.06.1985 & SMC of Late Mr. Jai Kishan, now our client is in the area of Village Khureji Khas, Illaqa Shahdara, Delhi-110051. By Virtue of Sale Deed dated 16.0declaring that that any other Person does not have any right over the said property, Same property is currently financed by Indiabulls Housing Finance and now same is going to be going to be re-financed by Utkarsh Small Finance Bank Limited Branch: Ghaziabad, Uttar Pradesh. If any person(s) has any objection(s) or claim(s) with respect to the` right, title or interest in the Said Property then contact us within 07 days from the date of Publication of this notice and or the same to the undersigned if found by anyone. Thereafter no claim shall be entertained

**[NAVEEN KUMAR VERMA]**
Advocate
F-211,sector-3 Vaishali Ghaziabad
Uttar Pradesh-201010, Contact at 09958871432

### NAME CHANGE
I Anuj Kumar S/o Chander Mohan R/o C-65 First Floor Vipul Wourld Sector-48 Gurgaon-122101 Haryana Have Changed My Name To Anuj Sharma For all Purpose

### NAME CHANGE
I Amita Kumari Yadav W/o Yadram Yadav R/o E-1,PHP Dwarka, Sector-16B,NSIT, Dwarka, Delhi-110078, Have Changed My Name To Amita For All Purpose

### NAME CHANGE
I, Ravit Kumar / Ravit Sharma s/o Rajender Sharma R/o Z-707, Sidharth Apartment, Pitam Pura, Delhi-110034, have changed my name to Ravit Kumar Sharma for all future purposes.

### NAME CHANGE
I Samiya Rashid w/o Syed Khateeb Ali R/o 161/3 T/F Ashna Apartment Joga Bai Okhla New Delhi 110025 have changed my name from Samia to Samiya Rashid after marriage for all future purposes

### NAME CHANGE
I, ALITA W/O OF NO 2809595X NK PATIL VITTAL GUNDU VILL-HAJGOLI POST - HAJGOLI TEH- CHANDGAD DIST KOLHAPUR STATE - MAHARASHTRA 416507 have a changed my name from ALITA to ALITA VITTAL PATIL for all future purposes vide Affidavit dated 15/12/2022 before Notary public, Delhi

### NAME CHANGE
I, Tofik Ahmad S/o Shabir Ahmad R/o H. No. 2892, Kh. No.365, Gali No.23, Rajiv Gandhi Nagar, New Mustafabad, Delhi-110094, have changed my name to Tofik Ahmed for all future purposes.

### NAME CHANGE
I, Ayoub Khan S/O Rafiq Ahmed R/O L-117 First Floor MCD Flats, Sunder Nagari, Nand Nagari Delhi -110093 have changed my name from Ayoub Khan to Ayub Khan for all future purpose

### NAME CHANGE
I Solanki Bharatkumar Laxmanbhai S/o Solanki Laxmanbhai Meramanbhai R/o D-1601, Adani M2K Oyster Grande,Sector-102,gurgaon,Haryana-122001,Have Changed My Minor Son Name Dhruv Bharatkumar Solanki To Dhruv Solanki For All Purpose

### NAME CHANGE
I, Pritees Singh S/o Devinder Singh R/o G-63, Oriental Villas, Sushant Lok-3, Near Ansal,s Boom Plaza, Sector-57, Wazirabad-75, Gurgaon Haryana-122003, have changed my name to Priteesh Singh for all purposes.

### NAME CHANGE
I, VANITHA W/o No. 6944024L Rank HAV Name DHAMODIRAN D, R/o 184/5, 1st STREET, SALLAVOOR , PERIYAPUDUR, KATPADI, VELLORE (TAMIL NADU)-632059, have changed my name from VANITHA to D VANITHA for all future purposes. And in my husband service record my date of birth wrongly mentioned is 17/12/1989 instead of 17/12/1991. Vide Affidavit dated 08/05/2024 before Notary Public Delhi.

### PUBLIC NOTICE
My chent SH. RAJENDER S/O SH. OM PRAKASH R/O 1747, CHABBU PANA VILLAGE, POOTH KHURD, NORTH WEST DELHI -110039, have severed all relations with son namely SH. KRISHAN DABAS and have disowned & disinherited him from all their movable and immovable properties due to his untoward behaviour & conduct. Whosoever deals with him in any manner, shall do so at his/her own risk & consequences.

**JYOTI BATRA ADVOCATE**
CH. NO T-1(A) TEHSIL LANE TIS HAZARI COURT DELHI-110054

### NAME CHANGE
I Amita Kumari Yadav W/o Yadram Yadav R/o E-1,PHP Dwarka, Sector-16B,NSIT, Dwarka, Delhi-110078, Have Changed My Name To Amita For All Purpose

### NAME CHANGE
I SACHIN S/O SHRI VINOD KUMAR R/O H. NO.-519, GUBHANA (70), JHAJJAR, HARYANA-124507 HAVE CHANGED MY NAME FROM SACHIN TO CHAUDHARY SACHIN BIRHMAN FOR ALL FUTURE PURPOSES.

### NAME CHANGE
I SAPNA W/O SHRI SACHIN R/O H. NO.-519, GUBHANA (70), JHAJJAR, HARYANA-124507 HAVE CHANGED MY NAME FROM SAPNA TO SAPNA BIRHMAN FOR ALL FUTURE PURPOSES.

### NAME CHANGE
I, Suvarna W/O of No - 2803471M, Hav Badake Santosh Shivaji R/o VPO- Hole TEH- Pandharpur,DIST- Solapur, MAHARASHTRA, 413315, have changed my name from Suvrana to Suvarna Santosh Badake for all future purposes vide Affidavit dated 11/12/2022 before Notary Public, Delhi.

### NAME CHANGE
I, Mohd Gulzar s/o Mohd Yasin R/o E-228/1, Shaheen Bagh, Jamia Nagar, Okhla, New Delhi-110025, have changed my name to Mohd Gulzar Saifi for all future purposes.

### PUBLIC NOTICE
It is for general information that I Lalit Kumar S/o Rajesh Kumar residing at House No.320, Gali No.D-5, Batra Hospital, Sangam Vihar, Khanpur Delhi-110062 declare that name of my father has been wrongly written as Rajesh Kumar Sharma in my Education Documents, Aadhar Card, Pan Card and Driving License. The actual name of my father is Rajesh Kumar which may be amended accordingly.

### NAME CHANGE
I, SUNIL S/O RAGHUVIR SINGH residing at B-342, PANDAV NAGAR, PATEL NAGAR, DELHI-110008 have changed my name to SUNIL KUMAR for all future purpose.

### NAME CHANGE
I, ROHIT GAUTAM S/O VIJAY KUMAR residing at H NO-4314, BADI BASTI, BASANT ROAD, PAHAR GANJ, DELHI-110055 have changed my name to ROHIT for all future purpose.

### NAME CHANGE
I , RESHMA W/O of No-2799016k HAV- GHADGE NANASAHEB BABURAO, R/O Vill- LALGUN POST- LALGUN TEH - KHATAV DIST- SATARA MAHARASTRA 415503, have changed my name from RESHMA to RESHMA NANASAHEB GHADGE for all future purposes vide Affidavit dated 21/12/2022 before Notary public, Delhi

### NAME CHANGE
I, Devinder Singh Bhui S/o Gurdit Singh Gyani R/o G-63, Oriental Villas, Sushant Lok-3, Near Ansal,s Boom Plaza, Sector-57, Wazirabad-75, Gurgaon Haryana-122003, have changed my name to Devinder Singh for all purposes.

### NAME CHANGE
I, PREETI KUMARI CHHINCHANI D/O PRADEEP KUMAR residing at H NO-C-5 MANSHA BHAWAN WESTEND MARG SAKET DELHI-110030 have changed my name to PREETI CHHINCHANI for all future purpose.

### NAME CHANGE
I, Amit Bansal S/O Naresh Nkumar Bansal R/O House Number 53 A Kamla Nagar, Malka Ganj North Delhi -110007 have changed my name from Amit Bansal to Amit Kumar Bansal for all future purpose.

### NAME CHANGE
I, RAJU S/O JAGDISH PARASHAR R/O H.N0- A-27 BLOCK-A PURI PALAM SECTOR-85 BPTP PARK LAND FARIDABAD-121002 HAVE CHANGED MY NAME TO RAJU PARASHAR FOR ALL FUTURE PURPOSES

### PUBLIC NOTICE
It is informed to the general public that my clients Vikram S/o Sh. Ramphal, Smt. Rani W/o Vikram R/o H. No. 50, G-9, Sangam Vihar, New Delhi, hereby disowned and debarred their son Arjun from their all movable and immovable properties and also severe all their relations from him. My clients shall not be responsible for any act of their son.

**GAJRAJ SINGH ADVOCATE**
CHAMBER NO. 640 LAWYERS
CHAMBER BLOCK, SAKET
COURT COMPLEX,
NEW DELHI-110017

### NAME CHANGE
I, Ansar Ahmad S/O Abdul Vahab R/O H NO-V-63, Gali No-27, Vijay Park Maujpur, North East Delhi-110053, Have Changed My Name Ansar Ahmed For All Future Purpose

### NAME CHANGE
I, Mani Ram Kala S/o Lakhi Ram R/o FCA-1972, Street No-19, Block-B, SGM Nagar, Faridabad-121001, Haryana, have changed my name to Mani Ram permanently

### NAME CHANGE
I, Amit S/o Sonu R/O 291/15 Taigore Gali, Jnana Hospital, Rohtak Haryana -124001 have changed my name from Amit to Amit Batra for all future purpose.

### NAME CHANGE
I, Shahnwaz s/o Mohd Niyaz R/o 6631/32, Dal Mil Chamelian Road, Bara Hindu Rao, Delhi-110006, have changed my name to Shahnawaz for all future purposes

### PUBLIC NOTICE
"It is to informed to the Public at large that my client Shri Ajay Gandhi S/o Shri Chander Prakash Gandhi R/o H. No. 316, Gali Mithu Lal, Chotti Bazaria, Ghaziabad, U.P.-201001; Purchasing a Property from Shri Om Prakash Arora, vide ATS dt.27.09.2022, Along with taking a Loan for Plot Purchase + Construction against property i.e. Portion of Residential Vacant Plot No. 74, area measuring 66.66 sq. yds., i.e. 55.74 sq. mtrs., Situated at Gupta Colony, Old Name Dharampura, Ghaziabad, Tehsil & Distt. Ghaziabad, U.P; being the Owner of said property by virtue of Sale Deed dt. 22.12.2021 executed by 1. Sh. Rachit Jain & 2. Smt. Meenu Jain in favour of Sh. Om Prakash Arora, w.r.t. said property Plot No.74, area 66.66 sq. yds., duly regd. As doc. No. 15719, Vol. 18742, on page 275-294, on dt. 22.12.2021, hereinafter referred to as " the said property " submitted the Papers regarding this property with Satin Housing Finance Limited, And Original Sale Deed dt. 27.03.1965 executed by Sh. Harkishan Dass & 2. Smt. Basant Kaur in favour of Smt. Kelawati, w.r.t. said property Plot No. 24 & 25, area 200 sq. yds., duly regd. As doc. No. 1708, Vol. No. 1201, on page 144-145, on dt. 27.03.1965 has been missing and Newspaper publication already done on dt. 14.04.2018 in Newspaper Manasvi Vani And Original Partition Deed executed by Naveen Jain (H.U.F), through karta Mr. Naveen Jain S/o late Mr. S. K. Jain, Mr. Ajay Gandhi S/o Late Mr. Chandra Prakash Gandhi, Mr. Rachit Jain also missing and is not traceable, If any Person Found the same, Kindly return it at the address mentioned below, Along with "the said property" Late Smt. Kaila Devi was the previous owner of said property and after his death leaving behind his legal heirs Mrs. Shashibala Goyal, Mr. Naveen Jain, Mr. Ajay Gandhi & Mr. Rachit Jain as only 4 legal heirs and no any other legal heirs of this property and Any person, who has got, rights, interest, title, claim, encumbrances, charges of any nature whatsoever in respect of the above said Property or any part thereof, can send their objections with their documentary evidence at below address within 7 days from the date of publication of this notice, failing which, it shall be presumed that the said Property in entirely is free from all such claims, interest, charges, encumbrances etc.

**Sahil Virmani**
(ADVOCATE)
Address G-721
Karkardooma Court, Delhi
8929535407, 9643394303

## ਸੰਪਾਦਕੀ

### ਉਡਾਨਾਂ 'ਚ ਅੜਿੱਕੇ

ਟਾਟਾ ਗਰੁੱਪ ਦੀ ਕੰਪਨੀ 'ਏਅਰ ਇੰਡੀਆ ਐਕਸਪ੍ਰੈੱਸ' ਮੁਸ਼ਕਿਲ ਵਕਤ ਦਾ ਸਾਹਮਣਾ ਕਰ ਰਹੀ ਹੈ। ਏਅਰਲਾਈਨ ਦੇ ਕੈਬਿਨ ਕਰਿਊ ਸਟਾਫ ਨੇ ਪ੍ਰਬੰਧਕਾਂ ਦੀਆਂ ਕੁਝ ਨੀਤੀਆਂ ਵਿਰੁੱਧ ਰੋਸ ਦਾ ਪ੍ਰਗਟਾਵਾ ਕਰਦਿਆਂ ਵੱਡੀ ਗਿਣਤੀ ਵਿੱਚ 'ਬਿਮਾਰੀ ਦੀ ਛੁੱਟੀ' ਲੈ ਲਈ ਅਤੇ ਅਮਲੇ ਦੀ ਘਾਟ ਕਾਰਨ ਏਅਰ ਇੰਡੀਆ ਨੂੰ 80 ਤੋਂ ਵੱਧ ਕੌਮਾਂਤਰੀ ਅਤੇ ਘਰੇਲੂ ਉਡਾਨਾਂ ਰੱਦ ਜਾਂ ਮੁਲਤਵੀ ਕਰਨੀਆਂ ਪਈਆਂ। ਨਾਗਰਿਕ ਹਵਾਬਾਜ਼ੀ ਬਾਰੇ ਮੰਤਰਾਲੇ ਨੇ ਮੁੱਦੇ ਦੀ ਗੰਭੀਰਤਾ ਨੂੰ ਦੇਖਦਿਆਂ ਏਅਰਲਾਈਨ ਤੋਂ ਰਿਪੋਰਟ ਮੰਗੀ ਹੈ। ਉਡਾਨਾਂ ਰੁਕਣ ਕਾਰਨ ਯਾਤਰੀ ਅੱਧਵਾਟੇ ਲਟਕ ਗਏ ਤੇ ਹਵਾਈ ਅੱਡਿਆਂ 'ਤੇ ਅਫ਼ਰਾ-ਤਫ਼ਰੀ ਮਚ ਗਈ। ਸਥਿਤੀ ਦੀ ਗੰਭੀਰਤਾ ਦੇ ਮੱਦੇਨਜ਼ਰ ਏਅਰਲਾਈਨ ਨੂੰ ਚਾਹੀਦਾ ਹੈ ਕਿ ਉਹ ਜਲਦੀ ਕਦਮ ਚੁੱਕੇ ਅਤੇ ਅਮਲੇ ਦੀਆਂ ਮੁਸ਼ਕਿਲਾਂ ਦਾ ਹੱਲ ਕੱਢੇ। ਸਟਾਫ ਮੈਂਬਰ ਮਨੁੱਖੀ ਸਰੋਤ ਨੀਤੀਆਂ 'ਚ ਬਦਲਾਓ ਤੇ ਏਅਰਲਾਈਨ ਅੰਦਰਲੇ ਕਥਿਤ ਕੁਪ੍ਰਬੰਧ ਦਾ ਵਿਰੋਧ ਕਰ ਰਹੇ ਹਨ। ਇਤਫ਼ਾਕਨ, ਇਹ ਅੜਿੱਕਾ ਉਸ ਵੇਲੇ ਪਿਆ ਜਦ ਏਅਰਲਾਈਨ ਨੂੰ 'ਏਆਈਐਕਸ ਕਨੈਕਟ' ਵਿੱਚ ਸ਼ਾਮਲ ਕਰਨ ਦੇ ਯਤਨ ਕੀਤੇ ਜਾ ਰਹੇ ਹਨ, ਇਸ ਤਰ੍ਹਾਂ ਸਥਿਤੀ ਹੋਰ ਗੁੰਝਲਦਾਰ ਬਣ ਗਈ ਹੈ।

ਤਾਜ਼ਾ ਹਲਚਲ ਪਿਛਲੇ ਮਹੀਨੇ ਟਾਟਾ ਗਰੁੱਪ ਦੀ ਇਕ ਹੋਰ ਏਅਰਲਾਈਨ 'ਵਿਸਤਾਰਾ' ਦੀਆਂ ਉਡਾਨਾਂ ਘਟਣ ਤੋਂ ਬਾਅਦ ਹੋਈ ਹੈ। ਏਅਰ ਇੰਡੀਆ ਨਾਲ 'ਵਿਸਤਾਰਾ' ਦੇ ਸੰਭਾਵੀ ਰਲੇਵੇਂ ਅਤੇ ਨਵੇਂ ਤਨਖ਼ਾਹ ਸਕੇਲ 'ਤੇ ਕਥਿਤ ਰੋਸ ਜ਼ਾਹਿਰ ਕਰਦਿਆਂ ਏਅਰਲਾਈਨ ਦੇ ਵੱਡੀ ਗਿਣਤੀ ਪਾਇਲਟ 'ਬਿਮਾਰ' ਹੋ ਕੇ ਛੁੱਟੀ ਉਤੇ ਚਲੇ ਗਏ ਸਨ। ਏਅਰਲਾਈਨ ਨੂੰ ਆਪਣੀਆਂ ਪ੍ਰਤੀ ਦਿਨ 25-30 ਉਡਾਨਾਂ ਘਟਾਉਣੀਆਂ ਪਈਆਂ ਸਨ ਜਿਸ ਕਾਰਨ ਕਈ ਅਹਿਮ ਰੂਟਾਂ 'ਤੇ ਹਵਾਈ ਕਿਰਾਇਆ ਕਰੀਬ 25 ਪ੍ਰਤੀਸ਼ਤ ਵਧ ਗਿਆ ਸੀ।

ਇਹ ਘਟਨਾਵਾਂ ਭਾਰਤ ਦੇ ਹਵਾਬਾਜ਼ੀ ਸੈਕਟਰ ਅੱਗੇ ਬਣੀਆਂ ਵਿਆਪਕ ਚੁਣੌਤੀਆਂ ਨੂੰ ਦਰਸਾਉਂਦੀਆਂ ਹਨ ਜੋ ਉਡਾਨਾਂ ਦੀ ਵਧੀ ਮੰਗ ਅਤੇ ਸਮਰੱਥਾ ਦੀ ਘਾਟ ਨਾਲ ਜੂਝ ਰਿਹਾ ਹੈ। ਇੰਡੀਗੋ ਅਤੇ 'ਗੋ ਫਸਟ' ਵਰਗੀਆਂ ਵੱਡੀਆਂ ਏਅਰਲਾਈਨਾਂ ਨਿਰੀਖਣ ਲਈ ਰੋਕੇ ਜਹਾਜ਼ਾਂ ਅਤੇ ਸਪਲਾਈ ਲੜੀਆਂ ਦੇ ਮੁੱਦਿਆਂ ਨਾਲ ਸੰਘਰਸ਼ ਕਰ ਰਹੀਆਂ ਹਨ ਤੇ ਮੁਸਾਫ਼ਰਾਂ ਦੀ ਲਗਾਤਾਰ ਵਧ ਰਹੀ ਗਿਣਤੀ ਕਾਰਨ ਹਵਾਬਾਜ਼ੀ ਉਦਯੋਗ ਦਬਾਅ ਝੱਲ ਰਿਹਾ ਹੈ। ਇਨ੍ਹਾਂ ਚੁਣੌਤੀਆਂ 'ਚੋਂ ਲੋੜ ਉੱਭਰੀ ਹੈ ਕਿ ਵਿਆਪਕ ਹੱਲ ਲੱਭ ਕੇ ਕਰਮਚਾਰੀਆਂ ਦੇ ਭਲੇ ਅਤੇ ਮੁਸਾਫਿਰਾਂ ਦੀ ਸੌਖ ਨੂੰ ਤਰਜੀਹ ਦਿੱਤੀ ਜਾਵੇ। ਹੁਣ ਜਦ ਏਅਰ ਇੰਡੀਆ ਐਕਸਪ੍ਰੈੱਸ ਆਪਣੇ ਅੰਦਰੂਨੀ ਵਿਵਾਦ ਨਾਲ ਨਜਿੱਠ ਰਹੀ ਹੈ ਤਾਂ ਹਵਾਬਾਜ਼ੀ ਸਨਅਤ ਨੂੰ ਮੌਜੂਦਾ ਅੜਿੱਕਿਆਂ ਦੇ ਹੱਲ ਅਤੇ ਟਿਕਾਊ ਤਰੱਕੀ ਖਾਤਰ ਠੋਸ ਰਣਨੀਤੀਆਂ ਲਾਗੂ ਕਰਨ ਵਿਚਾਲੇ ਸੰਤੁਲਨ ਬਣਾਉਣ ਲਈ ਕੰਮ ਕਰਨਾ ਚਾਹੀਦਾ ਹੈ। ਕਈ ਜੋਖ਼ਮਾਂ, ਏਅਰਲਾਈਨਾਂ ਦੇ ਰਲੇਵੇਂ, ਰੈਗੂਲੇਟਰੀ ਇਕਾਈਆਂ ਅਤੇ ਹਿੱਤਧਾਰਕਾਂ ਨੂੰ ਧਿਆਨ ਵਿਚ ਰੱਖਦਿਆਂ ਜ਼ਰੂਰੀ ਹੈ ਕਿ ਸਥਿਰਤਾ ਅਤੇ ਲਚਕਤਾ ਲਈ ਯਤਨ ਕੀਤੇ ਜਾਣ।

### ਕੋਵਿਡ ਵੈਕਸੀਨ ਦੀ ਵਿਕਰੀ ਬੰਦ

ਬਰਤਾਨੀਆ ਦੀ ਫਾਰਮਾ ਕੰਪਨੀ ਐਸਟਰਾਜ਼ੈਨੇਕਾ ਨੇ ਆਲਮੀ ਪੱਧਰ 'ਤੇ ਕੋਵਿਡ-19 ਵੈਕਸੀਨ ਵਾਪਸ ਮੰਗਵਾਉਣਾ ਸ਼ੁਰੂ ਕਰ ਦਿੱਤਾ ਹੈ। ਇਹ ਉਹੀ ਟੀਕਾ ਹੈ ਜਿਸ ਨੂੰ ਭਾਰਤ ਵਿੱਚ ਕੋਵੀਸ਼ੀਲਡ ਤੇ ਯੂਰੋਪ ਵਿਚ ਵੈਕਸਜ਼ੇਵਰਿਆ ਕਹਿ ਕੇ ਵੇਚਿਆ ਗਿਆ ਹੈ। ਹਾਲ ਹੀ ਵਿਚ ਕੰਪਨੀ ਨੇ ਮੰਨਿਆ ਸੀ ਕਿ ਇਸ ਵੈਕਸੀਨ ਦੇ 'ਥ੍ਰੋਮਬੋਸਿਸ ਥ੍ਰੋਮਬੋਸਾਇਟੋਪੈਨਿਕ ਸਿੰਡਰੋਮ (ਟੀਟੀਐੱਸ) ਦੇ ਰੂਪ ਵਿਚ ਸਰੀਰ ਉਤੇ ਮਾੜੇ ਅਸਰ ਹੋ ਸਕਦੇ ਹਨ ਜਿਸ ਨਾਲ ਲੋਕਾਂ ਦੇ ਸਰੀਰ ਵਿੱਚ ਖ਼ੂਨ ਦੇ ਥੱਕੇ ਬਣ ਸਕਦੇ ਹਨ ਅਤੇ ਪਲੇਟਲੈੱਟਸ ਦੀ ਗਿਣਤੀ ਘਟ ਸਕਦੀ ਹੈ। ਕਾਰੋਬਾਰੀ ਕਾਰਨਾਂ ਦਾ ਹਵਾਲਾ ਦਿੰਦਿਆਂ ਕੰਪਨੀ ਨੇ ਆਪਣੇ ਇਸ ਫ਼ੈਸਲੇ ਪਿੱਛੇ ਬਾਜ਼ਾਰ ਵਿੱਚ 'ਲੋੜੋਂ ਵੱਧ ਵੈਕਸੀਨ ਦੀ ਉਪਲਬਧਤਾ' ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਐਸਟਰਾਜ਼ੈਨੇਕਾ ਨੇ ਦਾਅਵਾ ਕੀਤਾ ਹੈ ਕਿ ਟੀਕੇ ਵਾਪਸ ਮੰਗਵਾਉਣ ਦਾ ਅਦਾਲਤ ਵਿੱਚ ਚੱਲ ਰਹੇ ਕੇਸ ਨਾਲ ਕੋਈ ਸਬੰਧ ਨਹੀਂ ਹੈ ਅਤੇ ਇਸ ਵੇਲੇ ਟੀਕੇ ਦੀ ਖਰੀਦ-ਵਿਕਰੀ ਰੋਕਣਾ ਮਹਿਜ਼ ਇਤਫ਼ਾਕ ਹੀ ਹੈ; ਹਾਲਾਂਕਿ ਇਸ ਕਦਮ ਨੂੰ ਸਾਖ਼ ਬਚਾਉਣ ਲਈ ਹਤਾਸ਼ਾ ਵਿੱਚ ਕੀਤੀ ਕਾਰਵਾਈ ਵਜੋਂ ਦੇਖਿਆ ਜਾ ਰਿਹਾ ਹੈ।

ਕੰਪਨੀ ਦੀਆਂ ਕਾਨੂੰਨੀ ਔਖਿਆਈਆਂ ਹਾਲੇ ਮੁੱਕਣ ਵਾਲੀਆਂ ਨਹੀਂ ਹਨ ਕਿਉਂਕਿ ਬਰਤਾਨੀਆ ਵਿਚ ਕਰੀਬ 81 ਮੌਤਾਂ ਤੇ ਕਈ ਹੋਰ ਗੰਭੀਰ ਕੇਸਾਂ ਨੂੰ ਟੀਟੀਐੱਸ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਹਰਜਾਨਾ ਮੰਗਦਿਆਂ 50 ਤੋਂ ਵੱਧ ਕਥਿਤ ਪੀੜਤ ਅਤੇ ਉਨ੍ਹਾਂ ਦੇ ਪਰਿਵਾਰ ਲੰਡਨ ਵਿੱਚ ਹਾਈ ਕੋਰਟ ਪਹੁੰਚ ਚੁੱਕੇ ਹਨ। ਭਾਰਤ ਵਿਚ ਵੀ ਸੁਪਰੀਮ ਕੋਰਟ ਨੇ ਐਸਟਰਾਜ਼ੈਨੇਕਾ ਨਾਲ ਸਬੰਧਿਤ ਪਟੀਸ਼ਨ ਸੁਣਨ ਲਈ ਹਾਮੀ ਭਰ ਦਿੱਤੀ ਹੈ। ਟੀਕੇ ਦਾ ਨਿਰਮਾਣ ਭਾਰਤ ਵਿੱਚ ਪੁਣੇ ਦੇ 'ਸੀਰਮ ਇੰਸਟੀਚਿਊਟ ਆਫ ਇੰਡੀਆ' ਵੱਲੋਂ ਕੀਤਾ ਗਿਆ ਸੀ। ਪਟੀਸ਼ਨਕਰਤਾ ਨੇ ਮੰਗ ਕੀਤੀ ਹੈ ਕਿ ਸਵਾਲਾਂ ਦੇ ਘੇਰੇ ਵਿਚ ਆਏ 'ਸਾਈਡ ਇਫੈਕਟਸ' ਦੀ ਜਾਂਚ ਲਈ ਮਾਹਿਰਾਂ ਦੀ ਕਮੇਟੀ ਗਠਿਤ ਕੀਤੀ ਜਾਵੇ ਅਤੇ ਜਿੱਥੇ ਕਿਤੇ ਵੀ ਟੀਕਾਕਰਨ ਤੋਂ ਬਾਅਦ ਕਿਸੇ ਦੀ ਮੌਤ ਜਾਂ ਅਪੰਗਤਾ ਦਾ ਮਾਮਲਾ ਸਾਹਮਣੇ ਆਉਂਦਾ ਹੈ, ਉਸ ਨੂੰ ਸਰਕਾਰ ਵੱਲੋਂ ਮੁਆਵਜ਼ਾ ਦਿੱਤਾ ਜਾਵੇ।

ਐਸਟਰਾਜ਼ੈਨੇਕਾ ਲਈ ਸਿਰਫ਼ ਇਹ ਕਹਿ ਦੇਣਾ ਹੀ ਕਾਫੀ ਨਹੀਂ ਹੈ ਕਿ ਮਰੀਜ਼ ਦੀ ਸਲਾਮਤੀ ਉਸ ਦੀ ਪਹਿਲੀ ਤਰਜੀਹ ਹੈ। ਵੈਕਸਜ਼ੇਵਰਿਆ ਤੇ ਕੋਵੀਸ਼ੀਲਡ ਨੇ ਬੇਸ਼ੱਕ ਕਰੋੜਾਂ ਜ਼ਿੰਦਗੀਆਂ ਬਚਾਉਣ ਵਿਚ ਵੱਡਾ ਰੋਲ ਅਦਾ ਕਰਨ ਦੇ ਨਾਲ-ਨਾਲ ਮਹਾਮਾਰੀ ਨੂੰ ਖਤਮ ਕੀਤਾ ਹੈ ਪਰ ਟੀਟੀਐੱਸ ਕਾਰਨ ਸਿਹਤ 'ਤੇ ਪੈਣ ਵਾਲੇ ਅਸਰਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸ ਮਾਮਲੇ ਵਿਚ ਡੂੰਘਾਈ ਨਾਲ ਜਾਂਚ ਸਮੇਂ ਦੀ ਲੋੜ ਹੈ। ਰੈਗੂਲੇਟਰੀ ਇਕਾਈਆਂ ਜਿਹੜੀਆਂ ਵੈਕਸੀਨ ਦੀ ਸੁਰੱਖਿਅਤ ਵਰਤੋਂ ਯਕੀਨੀ ਬਣਾਉਣ ਲਈ ਸਖ਼ਤ ਮਿਆਰ ਕਾਇਮ ਰੱਖਣ ਵਿੱਚ ਨਾਕਾਮ ਹੋਈਆਂ ਹਨ, ਨੂੰ ਵੀ ਕਾਨੂੰਨੀ ਕਾਰਵਾਈ ਦੇ ਘੇਰੇ ਵਿਚ ਲਿਆਉਣਾ ਚਾਹੀਦਾ ਹੈ। ਇਸ ਸਾਰੇ ਮਾਮਲੇ ਵਿੱਚ ਸੁਰੱਖਿਅਤ ਵੈਕਸੀਨ 'ਤੇ ਲੋਕਾਂ ਦਾ ਵਿਸ਼ਵਾਸ ਅਤੇ ਨਿਰਮਾਤਾਵਾਂ ਦੀ ਭਰੋਸੇਯੋਗਤਾ ਤੇ ਜਵਾਬਦੇਹੀ ਦਾਅ ਉਤੇ ਲੱਗੀ ਹੋਈ ਹੈ। ਅਸਲ ਵਿਚ, ਕੋਵਿਡ-19 ਵੇਲੇ ਹਰ ਕਿਸੇ ਨੂੰ ਹੱਥਾਂ-ਪੈਰਾਂ ਦੀ ਪਈ ਹੋਈ ਸੀ। ਉਸ ਵਕਤ ਤਾਂ ਵੱਡਾ ਮਸਲਾ ਵੈਕਸੀਨ ਤਿਆਰ ਕਰਨ ਦਾ ਸੀ ਤਾਂ ਕਿ ਸਮੁੱਚੇ ਸੰਸਾਰ ਨੂੰ ਇਸ ਸੰਕਟ ਵਿਚੋਂ ਕੱਢਿਆ ਜਾ ਸਕੇ। ਉਂਝ, ਉਸ ਵਕਤ ਕੁਝ ਮਾਹਿਰਾਂ ਨੇ ਦਾਅਵੇ ਕੀਤੇ ਸਨ ਕਿ ਇਹ ਵੀ ਹੋਰ ਵਾਇਰਸਾਂ ਵਰਗਾ ਵਾਇਰਸ ਹੈ; ਇਸ ਦਾ ਮੁਕਾਬਲਾ ਚੰਗੀ ਖੁਰਾਕ ਅਤੇ ਸਰੀਰ ਦੀ ਰੋਗਾਂ ਨਾਲ ਲੜਨ ਦੀ ਮਜ਼ਬੂਤ ਪ੍ਰਣਾਲੀ ਨਾਲ ਕੀਤਾ ਜਾ ਸਕਦਾ ਹੈ ਪਰ ਉਦੋਂ ਇਨ੍ਹਾਂ ਮਾਹਿਰਾਂ ਦੀ ਰਾਇ ਨੂੰ ਗੌਲਿਆ ਨਹੀਂ ਗਿਆ ਤੇ ਧੜਾ-ਧੜ ਵੈਕਸੀਨ ਲਾਉਣੀ ਆਰੰਭ ਕਰ ਦਿੱਤੀ। ਇੱਕ ਮੌਕੇ ਤਾਂ ਵੈਕਸੀਨ ਲਗਵਾਉਣੀ ਜ਼ਰੂਰੀ ਵੀ ਕਰ ਦਿੱਤੀ ਗਈ ਸੀ। ਕੁਝ ਥਾਈਂ ਤਾਂ ਉਨ੍ਹਾਂ ਲੋਕਾਂ ਦਾ ਦਫਤਰਾਂ ਤੇ ਕਾਰੋਬਾਰੀ ਖੇਤਰਾਂ ਵਿੱਚ ਦਾਖ਼ਲਾ ਹੀ ਬੰਦ ਕਰ ਦਿੱਤਾ ਗਿਆ ਸੀ ਜਿਨ੍ਹਾਂ ਨੇ ਵੈਕਸੀਨ ਨਹੀਂ ਸੀ ਲਗਵਾਈ।

ਇਉਂ ਵੈਕਸੀਨ ਦੀ ਰਾਤੋ-ਰਾਤ ਵਿਕਰੀ ਤੋਂ ਸਬੰਧਿਤ ਕੰਪਨੀਆਂ ਨੇ ਕਰੋੜਾਂ ਰੁਪਏ ਕਮਾ ਲਏ ਸਨ। ਹੁਣ ਜਦੋਂ ਇਸ ਦੇ ਉਲਟ ਅਸਰਾਂ ਬਾਰੇ ਖ਼ਬਰਾਂ ਆਈਆਂ ਹਨ ਤਾਂ ਸਰਕਾਰਾਂ ਨੂੰ ਇਸ ਮਸਲੇ ਨੂੰ ਸੰਜੀਦਗੀ ਨਾਲ ਨਜਿੱਠਣਾ ਚਾਹੀਦਾ ਹੈ ਤਾਂ ਆਮ ਲੋਕ ਪਹਿਲਾਂ ਵਾਂਗ ਖ਼ੌਫ਼ਜ਼ਦਾ ਨਾ ਹੋਣ।

# ਰਾਹ ਦਿਸੇਰਾ ਕਿਸਾਨ ਸੰਘਰਸ਼ ਅਤੇ ਚੋਣਾਂ

**ਸੁੱਚਾ ਸਿੰਘ ਖੱਟੜਾ**



ਸਾਲ 2020-2021 ਦੌਰਾਨ ਕਿਸਾਨ ਸੰਘਰਸ਼ ਨੇ ਜਿਸ ਤਰ੍ਹਾਂ ਦੁਨੀਆ ਦੇ ਤਾਨਾਸ਼ਾਹਾਂ ਵਿੱਚ ਗਿਣੇ ਜਾਂਦੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਝੁਕਾਅ ਕੇ ਤਿੰਨ ਖੇਤੀ ਕਾਨੂੰਨ ਰੱਦ ਕਰਵਾਏ, ਉਸ ਨਾਲ ਸਾਂਝੇ ਕਿਸਾਨ ਮੋਰਚੇ ਦਾ ਕੱਦ ਪ੍ਰਧਾਨ ਮੰਤਰੀ ਤੋਂ ਵੀ ਉੱਚਾ ਹੋ ਗਿਆ। ਦੇਸ਼ ਵਿਦੇਸ਼ ਦਾ ਮੀਡੀਆ ਡੌਰ-ਭੌਰ ਹੋ ਕੇ ਸਭ ਕੁਝ ਜਗਿਆਸੂ ਨਜ਼ਰਾਂ ਨਾਲ ਦੇਖ ਰਿਹਾ ਸੀ। ਅਨੇਕ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਕਾਲਮ ਨਵੀਸਾਂ ਨੇ ਲੰਮੇ-ਲੰਮੇ ਲੇਖ ਲਿਖੇ। ਟੀਵੀ ਅਤੇ ਸੋਸ਼ਲ ਮੀਡੀਆ ਦੇ ਪਲੈਟਫਾਰਮਾਂ ਉੱਤੇ ਕਿਸਾਨ ਆਗੂਆਂ ਨਾਲ ਸੰਵਾਦ ਸ਼ੁਰੂ ਹੋਏ। ਇਸੇ ਕਲਮ ਤੋਂ ਅਜਿਹਾ ਵੀ ਲਿਖਿਆ ਗਿਆ ਕਿ ਇਸ ਕਿਸਾਨੀ ਸੰਘਰਸ਼ ਤੋਂ ਹੋਰ ਸੰਘਰਸ਼ ਕਰਦੇ ਤਬਕਿਆਂ ਨੂੰ ਸਫਲਤਾ ਤਕ ਪਹੁੰਚਣ ਦੇ ਗੁਰ ਸਿੱਖਣੇ ਚਾਹੀਦੇ ਹਨ ਪਰ ਇਹ ਨੀਂਦ ਦੀ ਝਪਕੀ ਵਿੱਚ ਆਇਆ ਸੁਫ਼ਨਾ ਜਿਹਾ ਲੱਗਣ ਨੂੰ ਦੇਰ ਨਾ ਲੱਗੀ।

ਕੁਝ ਸੂਬਿਆਂ ਦੀਆਂ ਚੋਣਾਂ ਦਾ ਐਲਾਨ ਹੋ ਚੁੱਕਾ ਸੀ। ਉੱਤਰ ਪ੍ਰਦੇਸ਼ ਅਤੇ ਪੰਜਾਬ ਵਿੱਚ ਚੋਣ ਸਰਗਰਮੀਆਂ ਸ਼ੁਰੂ ਹੋ ਰਹੀਆਂ ਸਨ। ਦਿੱਲੀ ਬਾਰਡਰ ਵਿਹਲੇ ਹੋਣ ਲੱਗੇ। ਚੋਣਾਂ ਬਾਰੇ ਕਿਸਾਨ ਮੋਰਚੇ ਦੀਆਂ ਧਿਰਾਂ ਦੇ ਅਗਾਊਂ ਰਵੱਈਏ ਨੂੰ ਭਾਂਪਦਿਆਂ ਇਸੇ ਕਲਮ ਨੇ ਵਿਚਾਰ ਦਿੱਤਾ ਸੀ ਕਿ ਕਿਸਾਨ ਮੋਰਚੇ ਨੂੰ ਚੋਣਾਂ ਲੜਨ ਦੀ ਥਾਂ ਆਪਣੇ ਚੋਣ ਮੈਨੀਫੈਸਟੋ ਉੱਤੇ ਪੰਜਾਬ ਵਿੱਚ ਚੋਣ ਲੜਾਉਣੀ ਚਾਹੀਦੀ ਹੈ। ਸੁਝਾਅ ਸੀ ਕਿ ਇਸੇ ਚੋਣ ਮੈਨੀਫੈਸਟੋ ਨੂੰ ਅਗਲੇ ਪੰਜ ਸਾਲ ਸੰਘਰਸ਼ਾਂ ਦਾ ਏਜੰਡਾ ਐਲਾਨਣਾ ਚਾਹੀਦਾ ਹੈ। ਇਸ ਦਿਸ਼ਾ ਵਿੱਚ ਚਲਦਿਆਂ ਸਾਂਝੇ ਕਿਸਾਨ ਮੋਰਚੇ ਵਿੱਚ ਪੰਜਾਬ ਦੀ ਸਿਆਸਤ ਦੇ ਭਵਿਖੀ ਬਦਲ ਦੇ ਨੈਣ ਨਕਸ਼ ਦਿਸਣ ਲੱਗ ਪੈਣੇ ਸਨ ਕਿਉਂਕਿ ਕਿਸਾਨਾਂ ਦੇ ਤਿਆਰ ਕੀਤੇ ਚੋਣ ਮੈਨੀਫੈਸਟੋ ਨੇ ਕਿਸਾਨੀ ਦੇ ਮੰਗ ਪੱਤਰ ਦੀ ਥਾਂ ਪੰਜਾਬ ਪ੍ਰਾਂਤ ਦੀਆਂ ਸਮੱਸਿਆਵਾਂ ਤੇ ਉਨ੍ਹਾਂ ਦੇ ਹੱਲ ਅਤੇ ਸੰਭਾਵੀ ਨਤੀਜਿਆਂ ਦਾ ਦਸਤਾਵੇਜ਼ ਹੋਣਾ ਸੀ।

ਉਂਝ, ਇਹ ਸਾਰਾ ਕੁਝ ਬਹੁਤ ਦੂਰ ਦੀ ਕਲਪਨਾ ਬਣ ਕੇ ਰਹਿ ਗਿਆ ਜਦੋਂ ਦਿੱਲੀ ਦੇ ਬਾਰਡਰਾਂ ਤੋਂ ਆਪੋ-ਆਪਣੀ ਦਿਸ਼ਾ ਵੱਲ ਆਪੋ-ਆਪਣੇ ਇਰਾਦਿਆਂ ਨਾਲ ਕਿਸਾਨਾਂ ਨੇ ਵਾਪਸੀ ਚਾਲੇ ਪਾ ਲਏ। ਕਿਸੇ ਨੇ ਕਿਹਾ- 'ਵੋਟ ਦੀ ਚੋਟ (ਭਾਜਪਾ ਨੂੰ) ਲਗਾਵਾਂਗੇ'। ਕਿਸੇ ਨੇ ਕਿਹਾ- 'ਅਸੀਂ ਵੋਟਾਂ ਦੀ ਰਾਜਨੀਤੀ ਹੀ ਨਹੀਂ ਕਰਦੇ'। ਕਿਸੇ ਹੋਰ ਨੇ ਕਿਹਾ- 'ਸਾਨੂੰ ਤਾਂ ਲੋਕ ਵੋਟਾਂ ਦੇ ਭਰੇ ਟੋਕਰੇ ਲੈ ਕੇ ਉਡੀਕ ਰਹੇ ਹਨ, ਅਸੀਂ ਉਨ੍ਹਾਂ ਨੂੰ ਅਗਲੇ ਪੰਜ ਸਾਲ ਤੱਕ ਨਹੀਂ ਉਡੀਕ ਸਕਦੇ'। ਇਉਂ ਤਾਣਾ ਬਾਣਾ ਬਿਖਰ ਗਿਆ। ਨਤੀਜਿਆਂ ਉੱਤੇ ਕੁਝ ਕਹਿਣਾ ਆਪਣੇ ਹੀ ਜ਼ਖ਼ਮ ਕੁਰੇਦਣਾ ਹੋ ਨਿਬੜੇਗਾ। ਛੱਡੀਏ।

ਸਾਂਝਾ ਕਿਸਾਨ ਮੋਰਚਾ ਨਾਲ ਨਰਿੰਦਰ ਮੋਦੀ ਦੇ ਕੀਤੇ ਸਮਝੌਤੇ ਵਿੱਚ ਦਰਜ ਫੈਸਲੇ ਜਿਉਂ ਦੇ ਤਿਉਂ ਪਏ ਹਨ। ਕਿਸਾਨਾਂ ਦਾ ਗੁੱਸਾ ਜਾਇਜ਼ ਹੈ ਪਰ ਭਾਜਪਾ ਵਿਰੁੱਧ ਗੁੱਸੇ ਦਾ ਪ੍ਰਗਟਾਓ ਕੋਈ ਸਿੱਟਾ ਨਹੀਂ ਕੱਢੇਗਾ। ਆਪਣੀ ਚਰਚਾ ਨੂੰ ਪੰਜਾਬ ਤਕ ਸੀਮਤ ਰੱਖ ਕੇ ਲਿਖਦਿਆਂ ਅੱਜ ਵੀ ਹਾਲਤ ਦਿੱਲੀ ਬਾਰਡਰ ਤੋਂ ਕਿਸਾਨਾਂ ਦੇ ਪਰਤਦਿਆਂ ਵਾਲੀ ਹੀ ਹੈ। ਕੁਝ ਹਰਿਆਣਾ ਬਾਰਡਰ ਉੱਤੇ ਜਾ ਬੈਠੇ ਹਨ। ਕੁਝ ਚੋਣਾਂ ਵਿੱਚ 'ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ' ਦੀ ਨੀਤੀ ਉੱਤੇ ਖੜ੍ਹੇ ਹਨ। ਕੁਝ ਭਾਜਪਾ ਦੇ ਉਮੀਦਵਾਰਾਂ ਨੂੰ ਇੱਧਰ ਉੱਧਰ ਘੇਰ ਰਹੇ ਹਨ। ਕਿਧਰੇ-ਕਿਧਰੇ 'ਆਪ' ਉਮੀਦਵਾਰ ਵੀ ਨਿਸ਼ਾਨੇ ਹੇਠ ਆ ਜਾਂਦੇ ਹਨ। ਲੱਗਦਾ ਹੈ, 2020-21 ਦੇ ਸੰਘਰਸ਼ ਵਿੱਚੋਂ ਜੋ ਹਾਸਲ ਕੀਤਾ, ਉਹ ਗੁਆਇਆ ਜਾ ਰਿਹਾ ਹੈ। ਸਾਂਝੇ ਕਿਸਾਨ ਮੋਰਚੇ ਨੇ ਤਿੰਨ ਕਾਲੇ ਕਾਨੂੰਨ ਰੱਦ ਹੀ ਨਹੀਂ ਕਰਵਾਏ, ਕੁਝ ਹੋਰ ਮੰਗਾਂ ਉੱਤੇ ਵੀ 'ਹਾਂ' ਕਰਵਾਈ ਸੀ। ਇਸ ਸਭ ਕੁਝ ਦੇ ਨਾਲ ਸੰਘਰਸ਼ ਦਾ ਨਵਾਂ ਗੁਰ ਵੀ ਵਿਕਸਤ ਕੀਤਾ ਸੀ। ਇੱਧਰ ਉੱਧਰ ਝੰਡੇ ਚੁੱਕ ਕੇ ਭਾਜਪਾ ਉਮੀਦਵਾਰਾਂ ਦੇ ਘਿਰਾਓ ਵਰਗੇ ਐਕਸ਼ਨਾਂ ਦਾ ਬਿਨਾਂ ਦੇਰੀ ਰਿਵਿਊ ਕਰ ਕੇ ਨਵਾਂ ਪੈਂਤੜਾ ਮੱਲਣਾ ਬਣਦਾ ਹੈ। ਪੰਜਾਬ ਵਿੱਚ ਲੋਕ ਸਭਾ ਲਈ ਵੋਟਾਂ ਪਹਿਲੀ ਜੂਨ ਨੂੰ ਪੈਣੀਆਂ ਹਨ। 19 ਅਪਰੈਲ ਤੋਂ ਸ਼ੁਰੂ ਲੋਕ ਸਭਾ ਚੋਣਾਂ ਦਾ ਇਹ ਸਿਲਸਿਲਾ ਪੰਜਾਬ ਵਿੱਚ ਵੋਟਾਂ ਪੈਣ ਨਾਲ ਸਮਾਪਤ ਹੋ ਜਾਵੇਗਾ ਅਤੇ ਫਿਰ 4 ਜੂਨ ਨੂੰ ਨਤੀਜੇ ਤੋਂ ਬਾਅਦ ਨਵੀਂ ਸਰਕਾਰ ਐਨਡੀਏ ਜਾਂ ਇੰਡੀਆ ਗੱਠਜੋੜ ਵਿਚੋਂ ਕਿਸੇ ਇਕ ਦੀ ਬਣਨੀ ਹੈ। ਜਿਹੜਾ ਵੀ ਸਮਝੌਤਾ ਮੋਦੀ ਸਰਕਾਰ ਨਾਲ ਹੋਇਆ ਸੀ, ਉਸ ਉੱਤੇ ਅਗਲੀ ਕਾਰਵਾਈ ਜਿਹੜੀ ਵੀ ਸਰਕਾਰ ਬਣੀ, ਉਸ ਨੇ ਕਰਨੀ ਹੈ। ਇਸ ਲਈ ਹੁਣ ਭਾਜਪਾ ਨੂੰ ਸਬਕ ਇਸ ਤਰ੍ਹਾਂ ਦੇਣਾ ਚਾਹੀਦਾ ਹੈ ਕਿ ਉਹ ਸਬਕ ਹਰ ਸਿਆਸੀ ਪਾਰਟੀ ਲਈ ਹੋ ਨਿਬੜੇ। ਇਹੀ ਸੁਨਹਿਰੀ ਮੌਕਾ ਹੈ। ਕਿਸਾਨਾਂ ਨੂੰ ਭੁੱਲਣਾ ਨਹੀਂ ਚਾਹੀਦਾ ਕਿ ਉਨ੍ਹਾਂ ਦੇ 2020-21 ਦੇ ਘੋਲ ਵਿੱਚ ਸਾਰੇ ਤਬਕਿਆਂ ਨੇ ਸਾਥ ਦਿੱਤਾ ਸੀ। ਹੁਣ ਮੌਕਾ ਹੈ, ਕਿਸਾਨ ਉਨ੍ਹਾਂ ਸਭਨਾਂ ਵਲੋਂ ਉਨ੍ਹਾਂ ਸਭਨਾਂ ਦੀਆਂ ਮੰਗਾਂ ਉੱਤੇ ਭਾਜਪਾ ਉਮੀਦਵਾਰਾਂ ਦਾ ਵਿਰੋਧ ਕਰਨ। ਯਾਦ ਰਹੇ, ਭਾਰਤੀ ਸੰਵਿਧਾਨ ਹੀ ਉਸ ਸਮੇਂ ਕਿਸਾਨਾਂ ਦੇ ਘੋਲ ਦੀ ਛੱਤਰੀ ਬਣਿਆ ਸੀ ਜਦੋਂ ਸੁਪਰੀਮ ਕੋਰਟ ਨੇ ਸੰਵਿਧਾਨ ਦੇ ਹਵਾਲੇ ਨਾਲ ਦਿੱਲੀ ਬਾਰਡਰ ਖਾਲੀ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਸੀ। ਤਿੰਨ ਕਾਲੇ ਕਾਨੂੰਨ ਜਿਸ ਕਾਰਪੋਰੇਟ ਮਾਡਲ ਦੀ ਭੇਟ ਚੜ੍ਹਨੇ ਸਨ, ਉਹ ਕਾਰਪੋਰੇਟ ਮਾਡਲ ਪਹਿਲਾਂ ਹੀ ਬਹੁਤ ਸਾਰੇ ਖੇਤਰਾਂ ਅੰਦਰ ਇਜਾਰੇਦਾਰੀ ਸਥਾਪਤ ਕਰ ਚੁੱਕਾ ਹੈ ਜਿਸ ਦੇ ਸਿੱਟਿਆਂ ਵਿੱਚ ਨੌਜਵਾਨਾਂ ਦੇ ਰੁਜ਼ਗਾਰ, ਨੌਕਰੀਆਂ ਜਾ ਰਹੀਆਂ ਹਨ। ਮਹਿੰਗਾਈ ਦੀ ਵੱਖਰੀ ਮਾਰ ਹੈ। ਇਹ ਸਾਰਾ ਕੁਝ ਕਿਸਾਨ ਅਤੇ ਕਿਸਾਨੀ ਪਰਿਵਾਰ ਹੋਰ ਤਬਕਿਆਂ ਦੇ ਬਰਾਬਰ ਭੁਗਤ ਰਹੇ ਹਨ। ਫਿਰ ਭਾਜਪਾ ਦਾ ਵਿਰੋਧ ਇਕੱਲੇ ਕਿਸਾਨ ਹੀ ਕਿਉਂ ਕਰਨ? ਡਰ ਹੈ ਕਿ ਵਿਰੋਧ ਦਾ ਇਹ ਢੰਗ-ਤਰੀਕਾ ਸਮਾਜ ਦੇ ਦੂਜੇ ਤਬਕਿਆਂ ਨੂੰ ਭਾਜਪਾ ਲਈ ਵੋਟਾਂ ਹਾਸਲ ਕਰਨ ਦੇ ਰਸਤੇ ਨਾ ਖੋਲ੍ਹ ਦੇਵੇ। ਲੋੜਾਂ ਦੀ ਲੋੜ ਤਾਂ ਭਾਜਪਾ ਨੂੰ ਸਮਾਜ ਦੇ ਹਰ ਤਬਕੇ ਤੋਂ ਨਿਖੇੜਨ ਦੀ ਹੈ। ਲੋਕ ਸਭਾ ਦੀ ਚੋਣ ਕਿਸਾਨੀ ਬਨਾਮ ਭਾਜਪਾ ਨਹੀਂ ਹੈ, ਇਹ ਚੋਣ ਭਾਰਤ ਬਨਾਮ ਭਾਜਪਾ ਹੈ।

ਕਿਸਾਨ ਜਦੋਂ ਭਾਜਪਾ ਉਮੀਦਵਾਰਾਂ ਦਾ ਵਿਰੋਧ ਕਰਨ ਤਾਂ ਉਨ੍ਹਾਂ ਦੇ ਵਿਰੋਧ ਵਿੱਚ ਇਹ ਚੋਣ ਦੰਗਲ ਭਾਰਤੀ ਲੋਕ ਬਨਾਮ ਭਾਜਪਾ ਹੀ ਨਜ਼ਰ ਪੈਣਾ ਚਾਹੀਦਾ ਹੈ। ਇਸ ਦਿਸ਼ਾ ਵੱਲ ਵਧਣ ਲਈ ਹੇਠਾਂ ਲਿਖੇ ਸੁਝਾਅ ਮਦਦ ਕਰ ਸਕਦੇ ਹਨ:

ਸਾਰੀਆਂ ਕਿਸਾਨ ਜਥੇਬੰਦੀਆਂ ਨੂੰ ਇਕ ਮੰਚ ਉੱਤੇ ਇਕੱਠੇ ਹੋ ਕੇ ਭਾਜਪਾ ਵਿਰੁੱਧ ਸਾਂਝੀ ਸਮਝ, ਸਾਂਝੇ ਫ਼ੈਸਲੇ ਅਤੇ ਸਾਂਝੇ ਐਕਸ਼ਨ ਤੈਅ ਕਰਨੇ ਚਾਹੀਦੇ ਹਨ। ਅਗਲੇ ਐਕਸ਼ਨ ਸੜਕਾਂ ਦੀ ਥਾਂ ਆਪੋ-ਆਪਣੇ ਪਿੰਡ ਦੀ ਜੂਹ ਵਿੱਚ, ਪਿੰਡ ਦੀ ਫਿਰਨੀ ਉੱਤੇ ਲਿਆਓ। ਭਾਜਪਾ ਉਮੀਦਵਾਰ ਨੂੰ ਫਿਰਨੀ ਉੱਤੇ ਰੋਕਣ ਤੋਂ ਪਹਿਲਾਂ ਅਤੇ ਬਾਅਦ ਪਿੰਡ ਵਿੱਚ ਵਸਦੇ ਹਰ ਪਰਿਵਾਰ ਤੱਕ ਪਹੁੰਚ ਕਰ ਕੇ ਆਪਣੇ ਐਕਸ਼ਨਾਂ ਦੀ ਵਾਜਬੀਅਤ ਸਮਝਾਉਣੀ ਪਏਗੀ। ਕਿਸਾਨਾਂ ਵਲੋਂ ਭਾਜਪਾ ਦਾ ਵਿਰੋਧ ਸਮੁੱਚੇ ਪਿੰਡ ਦਾ ਵਿਰੋਧ ਬਣਨਾ ਚਾਹੀਦਾ ਹੈ। ਇਹ ਕਾਰਜ ਵੋਟਰ ਨੂੰ ਜ਼ਿੰਮੇਵਾਰ ਨਾਗਰਿਕ ਬਣਾਉਣ ਵਿੱਚ ਸਹਾਈ ਹੋਵੇਗਾ। ਮੌਕਾ ਹੈ ਕਿ ਲੋਕ ਰਾਜ ਦੀ ਰਾਖੀ ਲਈ ਵੋਟਰਾਂ ਨੂੰ ਜਿਹੜੀ ਸਿੱਖਿਆ ਸਿਆਸੀ ਪਾਰਟੀਆਂ ਨਹੀਂ ਦਿੰਦੀਆਂ, ਉਹ ਕਿਸਾਨ ਦੇ ਸਕਣਗੇ। ਕਿਸਾਨਾਂ ਦੇ ਸਾਂਝੇ ਮੰਚ ਵੋਟਰਾਂ ਲਈ ਸਾਂਝੀ ਅਪੀਲ ਲਿਖਤੀ ਰੂਪ ਵਿੱਚ ਘਰ-ਘਰ ਪਹੁੰਚਾਉਣ। ਸ਼ਹਿਰਾਂ ਦੇ ਸਬੰਧ ਵਿੱਚ ਐਕਸ਼ਨ ਸਾਂਝੇ ਮੋਰਚੇ ਦੀ ਬੈਠਕ ਵਿੱਚ ਵਿਚਾਰੇ ਜਾ ਸਕਦੇ ਹਨ ਪਰ ਜੇ ਪਿੰਡਾਂ ਦੀ ਕਿਲ੍ਹੇਬੰਦੀ ਹੋ ਗਈ ਤਾਂ ਸ਼ਹਿਰੀ ਵੋਟਰ ਖ਼ੁਦ-ਬਖ਼ੁਦ ਇਸ ਰਾਹ ਉੱਤੇ ਚੱਲ ਪੈਣਗੇ। ਯਾਦ ਰੱਖੀਏ, ਸਰਕਾਰ ਜਿਹੜੀ ਵੀ ਬਣੇ, ਸੰਘਰਸ਼ ਕਰਨੇ ਹੀ ਪੈਣੇ ਹਨ। ਜਿੱਤ ਸਾਂਝੇ ਸੰਘਰਸ਼ਾਂ ਦੀ ਹੀ ਹੋਵੇਗੀ। ਪਿੰਡ ਤੋਂ ਤਹਿਸੀਲ, ਜ਼ਿਲ੍ਹਾ ਅਤੇ ਸੂਬਾ ਪੱਧਰ ਦੇ ਹਰ ਆਗੂ ਨੂੰ ਇਨ੍ਹੀਂ ਦਿਨੀਂ ਮੀਡੀਆ ਵਿੱਚ ਰਹਿਣਾ ਪਵੇਗਾ।

ਕਿਸਾਨਾਂ ਦਾ ਭਾਜਪਾ ਉਮੀਦਵਾਰਾਂ ਦੇ ਵਿਰੋਧ ਦਾ ਚਲ ਰਿਹਾ ਢੰਗ-ਤਰੀਕਾ ਚੋਣ ਨਤੀਜਿਆਂ ਵਿੱਚ ਕਿਸਾਨ ਆਗੂਆਂ ਨੂੰ ਨਮੋਸ਼ੀ ਵੀ ਲਿਆ ਸਕਦਾ ਹੈ। ਵਿਰੋਧ ਦਾ ਟੀਚਾ ਭਾਜਪਾ ਉਮੀਦਵਾਰਾਂ ਦਾ ਮੁਕੰਮਲ ਸਫਾਇਆ ਹੋਣਾ ਚਾਹੀਦਾ ਹੈ। ਅਕਾਲੀ, ਕਾਂਗਰਸੀ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਦਾ ਭਾਜਪਾ ਵੱਲ ਜਾਣ ਦਾ ਸਿਲਸਿਲਾ ਜੇ ਅੱਜ ਵੀ ਕਾਇਮ ਹੈ ਤਾਂ ਸਪਸ਼ਟ ਹੈ ਕਿ ਕਿਸਾਨ ਭਾਜਪਾ ਦਾ ਕੁਝ ਨਹੀਂ ਵਿਗਾੜ ਰਹੇ। ਇਸ ਸੰਕੇਤ ਨੂੰ ਪੜ੍ਹਨਾ ਅਤੇ ਸਮਝਣਾ ਜ਼ਰੂਰੀ ਹੈ। ਕਿਸਾਨਾਂ ਦਾ ਭਾਜਪਾ ਦੇ ਵਿਰੋਧ ਦਾ ਮੌਜੂਦਾ ਢੰਗ-ਤਰੀਕਾ ਇਨ੍ਹਾਂ ਦਲ ਬਦਲੂਆਂ ਨੇ ਨਾਪ-ਤੋਲ ਲਿਆ ਜਾਪਦਾ ਹੈ। ਇਨ੍ਹਾਂ ਦਲ ਬਦਲੂਆਂ ਦਾ ਫ਼ੈਸਲਾ ਹੈ ਕਿ ਕਿਸਾਨਾਂ ਦੇ ਵਿਰੋਧ ਦਾ ਇਹ ਤਰੀਕਾ ਜੋਸ਼ ਹੀਣ ਹੋ ਕੇ ਥੱਕ ਜਾਏਗਾ ਅਤੇ ਪੇਤਲਾ ਪੈ ਜਾਏਗਾ ਕਿਉਂਕਿ ਵਿਚਾਰਧਾਰਾ ਤੋਂ ਸੱਖਣੀ ਅਤੇ ਖੰਡਤ ਲੜਾਈ ਗਲੀ ਮੁਹੱਲੇ ਵਰਗੀ 'ਤੂੰ ਤੂੰ ਮੈਂ ਮੈਂ' ਵਿੱਚ ਬਦਲ ਕੇ ਠੁੱਸ ਹੋ ਜਾਂਦੀ ਹੈ। ਲੋੜ ਭਾਜਪਾ ਵਿਰੁੱਧ ਵਿਚਾਰਧਾਰਕ ਵਿਰੋਧ ਦੀ ਹੈ। ਦਲ ਬਦਲੂ ਸੱਭਿਆਚਾਰ ਨੂੰ ਵੀ ਜੇ ਨਿਸ਼ਾਨੇ ਉੱਤੇ ਰੱਖ ਲਿਆ ਜਾਵੇ ਤਾਂ ਅਜਿਹੇ ਵਿਰੋਧ ਪਿੱਛੇ ਪੰਜਾਬੀਅਤ ਵੀ ਦਿਸੇਗੀ ਅਤੇ ਲੋਕਤੰਤਰ ਬਾਰੇ ਲੋਕਾਂ ਨੂੰ ਗਿਆਨ ਵੀ ਮਿਲੇਗਾ।

# ਸਾਬਕਾ ਵਿਧਾਇਕ ਜੱਸੀ ਖੰਗੂੜਾ ਮੁੜ ਕਾਂਗਰਸ ਵਿੱਚ ਸ਼ਾਮਲ

**ਲੁਧਿਆਣਾ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**




ਸਾਬਕਾ ਵਿਧਾਇਕ ਜਸਵੀਰ ਸਿੰਘ ਜੱਸੀ ਖੰਗੂੜਾ ਅੱਜ ਆਮ ਆਦਮੀ ਪਾਰਟੀ ਛੱਡ ਕੇ ਮੁੜ ਕਾਂਗਰਸ ਵਿੱਚ ਸ਼ਾਮਲ ਹੋ ਗਏ ਹਨ। ਉਹ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਵੱਲੋਂ ਟਿਕਟ ਨਾ ਮਿਲਣ ਕਰਕੇ 2022 ਵਿੱਚ 'ਆਪ' 'ਚ ਸ਼ਾਮਲ ਹੋ ਗਏ ਸਨ। ਕਰੀਬ ਦੋ ਹਫ਼ਤੇ ਪਹਿਲਾਂ ਉਨ੍ਹਾਂ ਨੇ 'ਆਪ' ਤੋਂ ਅਸਤੀਫ਼ਾ ਦੇ ਦਿੱਤਾ ਸੀ।

ਇਸ ਤੋਂ ਬਾਅਦ ਉਨ੍ਹਾਂ ਬਾਰੇ ਕਈ ਤਰ੍ਹਾਂ ਦੇ ਕਿਆਸ ਲਾਏ ਜਾ ਰਹੇ ਸਨ ਪਰ ਦਿੱਲੀ 'ਚ ਕਾਂਗਰਸ ਦੇ ਕੌਮੀ ਜਨਰਲ ਸਕੱਤਰ ਕੇ.ਸੀ ਵੇਣੂਗੋਪਾਲ ਨਾਲ ਮੁਲਾਕਾਤ ਮਗਰੋਂ ਅੱਜ ਪੰਜਾਬ ਕਾਂਗਰਸ ਇੰਚਾਰਜ ਦੇਵੇਂਦਰ ਯਾਦਵ ਦੀ ਅਗਵਾਈ ਹੇਠ ਉਹ ਮੁੜ ਕਾਂਗਰਸ ਵਿੱਚ ਸ਼ਾਮਲ ਹੋ ਗਏ ਹਨ। ਹੋਟਲ ਕਾਰੋਬਾਰੀ ਤੋਂ ਸਿਆਸਤਦਾਨ ਬਣੇ ਜੱਸੀ ਖੰਗੂੜਾ ਪਹਿਲੀ ਵਾਰ 2007 'ਚ ਕਿਲਾ ਰਾਏਪੁਰ ਵਿਧਾਨ ਸਭਾ ਹਲਕੇ ਤੋਂ ਮੈਦਾਨ 'ਚ ਉਤਰੇ ਸਨ ਅਤੇ ਜਿੱਤ ਵੀ ਦਰਜ ਕੀਤੀ ਸੀ। ਇਸ ਤੋਂ ਬਾਅਦ ਉਹ 2017 'ਚ ਹਾਰ ਗਏ ਤੇ 2022 'ਚ ਉਨ੍ਹਾਂ ਨੂੰ ਟਿਕਟ ਨਹੀਂ ਮਿਲੀ। ਪੰਜਾਬ 'ਚ 'ਆਪ' ਦੀ ਸਰਕਾਰ ਬਣਨ ਤੋਂ ਬਾਅਦ ਉਹ 'ਆਪ' ਵਿੱਚ ਸ਼ਾਮਲ ਹੋ ਗਏ।

**ਕੈਪਟਨ ਅਮਰਿੰਦਰ ਦੀ ਚਾਚੀ ਮੁੜ ਕਾਂਗਰਸ ਵਿੱਚ ਸ਼ਾਮਲ**

ਪਟਿਆਲਾ (ਪੱਤਰ ਪ੍ਰੇਰਕ): ਕੈਪਟਨ ਅਮਰਿੰਦਰ ਸਿੰਘ ਦੀ ਚਾਚੀ ਬੀਬਾ ਅਮਰਜੀਤ ਕੌਰ ਅੱਜ ਆਪਣੀ ਪੁਰਾਣੀ ਪਾਰਟੀ ਕਾਂਗਰਸ ਵਿਚ ਸ਼ਾਮਲ ਹੋ ਗਏ। ਉਹ ਪੰਜਾਬ ਤੇ ਦਿੱਲੀ ਦੀ ਰਾਜਨੀਤੀ ਵਿਚ ਕਾਫ਼ੀ ਸਰਗਰਮ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਦੇ ਕਾਂਗਰਸ 'ਚ ਸਰਗਰਮ ਹੋਣ ਤੋਂ ਬਾਅਦ ਉਹ ਕਾਂਗਰਸ ਲੀਡਰਸ਼ਿਪ ਦੀ ਬੇਰੁਖ਼ੀ ਦਾ ਸ਼ਿਕਾਰ ਹੁੰਦੇ ਰਹੇ। ਉਹ ਕਹਿੰਦੇ ਹਨ ਕਿ ਉਨ੍ਹਾਂ ਦੀ ਰਾਜਨੀਤੀ ਨੂੰ ਪਹਿਲਾਂ ਕਾਂਗਰਸ ਵਿਚ ਤੇ ਬਾਅਦ ਵਿਚ ਹੋਰ ਪਾਰਟੀਆਂ ਵਿੱਚ ਵੀ ਕੈਪਟਨ ਅਮਰਿੰਦਰ ਸਿੰਘ ਨੇ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ। ਬੀਬਾ ਅਮਰਜੀਤ ਕੌਰ ਪੈਪਸੂ ਦੇ ਮੁੱਖ ਮੰਤਰੀ ਰਹੇ ਕਰਨਲ ਰਘਬੀਰ ਸਿੰਘ ਦੀ ਲੜਕੀ ਹਨ।

# ਭਾਜਪਾ ਨੇ ਹਮੇਸ਼ਾ ਪੰਜਾਬ ਨਾਲ ਵਿਤਕਰਾ ਕੀਤਾ: ਪਠਾਣਮਾਜਰਾ



ਪਾਰਟੀ 'ਚ ਆਗੂਆਂ ਨੂੰ ਸ਼ਾਮਲ ਕਰਦੇ ਹੋਏ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ।

**ਸਨੌਰ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸਨੌਰ ਦੇ ਪਿੰਡ ਸਿੰਘਪੁਰਾ (ਜੌੜੀਆਂ ਸੜਕਾਂ) ਦੇ ਸਰਪੰਚ ਹਰਮੀਤ ਸਿੰਘ ਸਣੇ ਕਈ ਵਰਕਰ ਹੋਰਾਂ ਪਾਰਟੀਆਂ ਛੱਡ ਕੇ 'ਆਪ' ਵਿੱਚ ਸ਼ਾਮਲ ਹੋ ਗਏ ਹਨ। ਇਹ ਐਲਾਨ ਉਨ੍ਹਾਂ ਨੇ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਪਠਾਣਮਾਜਰਾ ਅਤੇ 'ਆਪ' ਦੇ ਲੋਕ ਸਭਾ ਹਲਕੇ ਦੇ ਇੰਚਾਰਜ ਇੰਦਰਜੀਤ ਸੰਧੂ ਦੀ ਅਗਵਾਈ ਹੇਠ ਕੀਤਾ। 'ਆਪ' 'ਚ ਸ਼ਾਮਲ ਵਾਲਿਆਂ 'ਚ ਰੇਸ਼ਮ ਸਿੰਘ, ਇੰਦਰਜੀਤ ਚੰਦੀ, ਨਿਰਮਲ ਸਿੰਘ, ਕਰਨਵੀਰ ਸਿੰਘ, ਸਤਨਾਮ ਸਿੰਘ ਦੇ ਨਾਮ ਸ਼ਾਮਲ ਹਨ। ਉਹ ਬਲਾਕ ਪ੍ਰਧਾਨ ਨਰਿੰਦਰ ਤੱਖਰ ਅਤੇ ਯੂਥ ਪ੍ਰਧਾਨ ਅਮਰ ਸੰਘੇੜਾ ਦੀ ਪ੍ਰੇਰਣਾ ਸਦਕਾ 'ਆਪ' 'ਚ ਸ਼ਾਮਲ ਹੋਏ। ਪਾਰਟੀ 'ਚ ਸ਼ਾਮਲ ਹੋਣ ਵਾਲਿਆਂ ਨੂੰ ਸਨਮਾਨਿਤ ਕਰਦਿਆਂ ਵਿਧਾਇਕ ਹਰਮੀਤ ਪਠਾਣਮਾਜਰਾ ਅਤੇ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਵਾਈਸ ਚੇਅਰਮੈਨ ਇੰਦਰਜੀਤ ਸੰਧੂ ਨੇ ਕਿਹਾ ਕਿ ਰੋਜ਼ਾਨਾ ਸੈਂਕੜੇ ਪਰਿਵਾਰ 'ਆਪ' 'ਚ ਸ਼ਾਮਲ ਹੋ ਰਹੇ ਹਨ, ਜਿਸ ਨਾਲ ਪਾਰਟੀ ਨੂੰ ਬਲ ਮਿਲ ਰਿਹਾ ਹੈ। ਉਨ੍ਹਾਂ ਹੋਰ ਕਿਹਾ ਭਾਜਪਾ ਨੇ ਹਮੇਸ਼ਾ ਹੀ ਪੰਜਾਬ ਨਾਲ ਵਿਤਕਰਾ ਕੀਤਾ ਹੈ। ਪੰਜਾਬ ਦਾ 12 ਹਜ਼ਾਰ ਕਰੋੜ ਰੋਕਿਆ ਹੋਇਆ ਹੈ, ਜਿਸ ਨਾਲ ਸੜਕਾਂ ਅਤੇ ਪਿੰਡਾਂ ਦੇ ਵਿਕਾਸ ਲਈ ਵੱਡੇ ਪੱਧਰ 'ਤੇ ਪੈਸਾ ਖਰਚ ਕੀਤਾ ਜਾਣਾ ਸੀ। ਉਨ੍ਹਾਂ ਕਿਹਾ ਕਿ ਭਾਜਪਾ ਵੱਲੋਂ ਕਿਸਾਨਾਂ ਤੇ ਲੋਕ ਵਿਰੋਧੀ ਤਿੰਨ ਕਾਲੇ ਕਾਨੂੰਨ ਲਿਆਉਣ ਦੀ ਕਾਰਵਾਈ ਨੂੰ ਕਦਾਚਿਤ ਨਹੀਂ ਭੁਲਾਇਆ ਜਾ ਸਕਦਾ। ਇਸ ਮੌਕੇ ਬਲਕਾਰ ਅਲੀਵਾਲ, ਹਰਮੀਤ ਸਰਪੰਚ, ਗੁਰਬਚਨ ਵਿਰਕ, ਬਲਜਿੰਦਰ ਨੰਦਗੜ੍ਹ, ਸਾਜਨ ਢਿੱਲੋਂ, ਹਨੀ ਸਰਪੰਚ, ਅਮਨ ਢੋਟ, ਹੈਪੀ ਅੰਮ੍ਰਿਤਸਰੀਆ, ਲਖਵਿੰਦਰ ਸਿੰਘ, ਗੁਰਮੀਤ ਸਿੰਘ, ਪ੍ਰੇਮ ਸਿੰਘ ਕੈਪਟਨ, ਮਿੰਟੂ ਢੀਂਡਸਾ ਤੇ ਬਲਵਿੰਦਰ ਨਾਨਕਸਰ ਆਦਿ ਵੀ ਮੌਜੂਦ ਸਨ।

# ਮੁਫ਼ਤ ਦੇ ਲਾਟੂ: ਘਰਾਂ ਦੀ ਬਿਜਲੀ 'ਤੇ ਰੋਜ਼ਾਨਾ ਸਬਸਿਡੀ ਖਰਚਾ 20 ਕਰੋੜ

**ਪਟਿਆਲਾ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਘਰੇਲੂ ਬਿਜਲੀ ਦੀ ਸਬਸਿਡੀ ਦਾ ਰੋਜ਼ਾਨਾ ਔਸਤਨ 20 ਕਰੋੜ ਰੁਪਏ ਦਾ ਬੋਝ ਝੱਲ ਰਹੀ ਹੈ। ਪ੍ਰਤੀ ਘਰੇਲੂ ਕੁਨੈਕਸ਼ਨ ਦੀ ਗੱਲ ਕਰੀਏ ਤਾਂ ਸਰਕਾਰੀ ਖ਼ਜ਼ਾਨੇ ਵਿੱਚੋਂ ਹਰ ਘਰ ਨੂੰ ਸਾਲਾਨਾ 9500 ਰੁਪਏ ਦੀ ਬਿਜਲੀ ਸਬਸਿਡੀ ਦਿੱਤੀ ਜਾ ਰਹੀ ਹੈ। ਵਿੱਤੀ ਵਰ੍ਹਾ 2023-24 ਦੌਰਾਨ ਘਰੇਲੂ ਬਿਜਲੀ ਸਬਸਿਡੀ ਦੇ ਬਣੇ ਬਿੱਲ ਤੋਂ ਗੱਲ ਨਿੱਤਰੀ ਹੈ ਕਿ ਸਰਕਾਰੀ ਖ਼ਜ਼ਾਨੇ 'ਤੇ ਪੂਰੇ ਵਿੱਤੀ ਵਰ੍ਹੇ ਦਾ 7376.77 ਕਰੋੜ ਰੁਪਏ ਭਾਰ ਪਵੇਗਾ।

ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਾਲ 1997 ਵਿੱਚ ਖੇਤੀ ਸੈਕਟਰ ਨੂੰ ਮੁਫ਼ਤ ਬਿਜਲੀ ਦੇਣ ਦਾ ਮੁੱਢ ਬੰਨ੍ਹਿਆ ਸੀ ਜਦੋਂਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਘਰਾਂ ਨੂੰ ਮੁਫ਼ਤ ਯੂਨਿਟਾਂ ਦੇਣ ਦੀ ਸ਼ੁਰੂਆਤ ਕੀਤੀ ਹੈ।

ਚੰਨੀ ਸਰਕਾਰ ਨੇ ਘਰੇਲੂ ਬਿਜਲੀ 'ਤੇ ਸੱਤ ਕਿੱਲੋਵਾਟ ਤੱਕ ਦੇ ਕੁਨੈਕਸ਼ਨਾਂ ਲਈ ਢਾਈ ਰੁਪਏ ਪ੍ਰਤੀ ਯੂਨਿਟ ਬਿਜਲੀ ਸਬਸਿਡੀ ਦਿੱਤੀ ਸੀ ਜਦੋਂਕਿ ਪਿਛਲੀਆਂ ਹਕੂਮਤਾਂ ਵੱਲੋਂ ਸਿਰਫ਼ ਦਲਿਤ ਵਰਗ ਨੂੰ ਯੂਨਿਟਾਂ ਦੀ ਮੁਆਫ਼ੀ ਦਿੱਤੀ ਜਾਂਦੀ ਸੀ। ਹੁਣ ਪੰਜਾਬ ਸਰਕਾਰ ਨੂੰ ਦੋ ਤਰ੍ਹਾਂ ਦਾ ਭਾਰ ਉਠਾਉਣਾ ਪੈ ਰਿਹਾ ਹੈ, ਇੱਕ ਤਾਂ ਜ਼ੀਰੋ ਬਿੱਲਾਂ ਦਾ, ਦੂਜਾ ਪ੍ਰਤੀ ਯੂਨਿਟ ਢਾਈ ਰੁਪਏ ਸਬਸਿਡੀ ਦਾ। ਸਰਕਾਰ ਰੋਜ਼ਾਨਾ ਔਸਤਨ 20.21 ਕਰੋੜ ਰੁਪਏ ਘਰੇਲੂ ਬਿਜਲੀ ਦੀ ਸਬਸਿਡੀ ਦੇ ਬਿੱਲ ਤਾਰ ਰਹੀ ਹੈ। ਸਮੁੱਚੀ ਬਿਜਲੀ ਸਬਸਿਡੀ ਦਾ ਬਿੱਲ ਸਾਲਾਨਾ 22 ਹਜ਼ਾਰ ਕਰੋੜ ਦੇ ਕਰੀਬ ਬਣਦਾ ਹੈ। ਪੰਜਾਬ ਵਿੱਚ ਇਸ ਵੇਲੇ ਘਰੇਲੂ ਬਿਜਲੀ ਦੇ ਕੁੱਲ 78 ਲੱਖ ਕੁਨੈਕਸ਼ਨ ਹਨ ਅਤੇ ਹਰ ਕੁਨੈਕਸ਼ਨ ਨੂੰ ਔਸਤਨ ਸਾਲਾਨਾ 9500 ਰੁਪਏ ਦੀ ਬਿਜਲੀ ਸਬਸਿਡੀ ਮਿਲਦੀ ਹੈ। ਸੂਬੇ ਵਿੱਚ ਸਿਰਫ਼ 3.05 ਫ਼ੀਸਦੀ ਘਰੇਲੂ ਖਪਤਕਾਰ ਹੀ ਅਜਿਹੇ ਹਨ ਜਿਨ੍ਹਾਂ ਨੂੰ ਕੋਈ ਸਬਸਿਡੀ ਨਹੀਂ ਮਿਲਦੀ ਅਤੇ ਬਿਜਲੀ ਬਿੱਲ ਤਾਰਦੇ ਹਨ। ਬਾਕੀ 96.95 ਫ਼ੀਸਦੀ ਘਰੇਲੂ ਖਪਤਕਾਰ ਕਿਸੇ ਨਾ ਕਿਸੇ ਰੂਪ ਵਿੱਚ ਬਿਜਲੀ ਸਬਸਿਡੀ ਲੈ ਰਹੇ ਹਨ। ਬਿਜਲੀ ਮੁਆਫ਼ੀ ਨੂੰ ਲੈ ਕੇ ਲਿਤਾੜੇ ਲੋਕਾਂ 'ਚ ਸ਼ਲਾਘਾ ਵੀ ਹੁੰਦੀ ਹੈ ਅਤੇ ਕਿਤੇ ਇਸ ਤਰ੍ਹਾਂ ਦੀ ਮੁਫ਼ਤਖ਼ੋਰੀ ਨੂੰ ਸੂਬੇ ਦੇ ਅਰਥਚਾਰੇ ਲਈ ਘਾਤਕ ਵੀ ਦੱਸਿਆ ਜਾ ਰਿਹਾ ਹੈ। ਅੱਗੇ ਦੇਖੀਏ ਤਾਂ ਅਪਰੈਲ 2023 ਵਿੱਚ ਤਾਂ ਸਿਰਫ਼ 2.21 ਫ਼ੀਸਦੀ ਘਰੇਲੂ ਖਪਤਕਾਰ ਹੀ ਬਿਜਲੀ ਸਬਸਿਡੀ ਤੋਂ ਵਾਂਝੇ ਰਹੇ ਹਨ ਜਦੋਂਕਿ 97.79 ਫ਼ੀਸਦੀ ਨੂੰ ਸਬਸਿਡੀ ਦਾ ਲਾਭ ਮਿਲਿਆ ਹੈ। ਦੂਜੇ ਪਾਸੇ ਜ਼ੀਰੋ ਬਿੱਲ ਦੇ ਤੱਥ ਵੇਖੀਏ ਤਾਂ ਅਪਰੈਲ 2024 ਵਿੱਚ ਸਭ ਤੋਂ ਵੱਧ ਜ਼ੀਰੋ ਬਿੱਲ ਆਏ ਹਨ ਅਤੇ 90.17 ਫ਼ੀਸਦੀ ਘਰੇਲੂ ਖਪਤਕਾਰਾਂ ਨੂੰ ਇਸ ਦਾ ਲਾਭ ਹੋਇਆ ਹੈ। ਵਿੱਤੀ ਸਾਲ 2023-24 ਦੌਰਾਨ ਅਗਸਤ ਵਿੱਚ ਸਭ ਤੋਂ ਵੱਡਾ ਸਬਸਿਡੀ ਬਿੱਲ ਬਣਿਆ ਜੋ ਕਿ 800.68 ਕਰੋੜ ਰੁਪਏ ਦਾ ਸੀ। 'ਆਪ' ਸਰਕਾਰ ਮੌਜੂਦਾ ਚੋਣ ਪ੍ਰਚਾਰ ਵਿਚ ਮੁਫ਼ਤ ਯੂਨਿਟਾਂ ਨੂੰ ਉਭਾਰ ਰਹੀ ਹੈ ਜਦੋਂਕਿ ਵਿਰੋਧੀ ਧਿਰਾਂ ਸਰਕਾਰੀ ਖ਼ਜ਼ਾਨੇ ਦੀ ਵਿੱਤੀ ਸਿਹਤ ਦਾ ਮਾਮਲਾ ਉਜਾਗਰ ਕਰ ਰਹੀਆਂ ਹਨ। ਪੰਜਾਬ ਸਰਕਾਰ ਵੱਲੋਂ ਸਨਅਤਾਂ ਨੂੰ ਵੀ ਕਰੀਬ ਸਾਲਾਨਾ ਦੋ ਹਜ਼ਾਰ ਕਰੋੜ ਦੀ ਸਬਸਿਡੀ ਦਿੱਤੀ ਜਾ ਰਹੀ ਹੈ। ਖੇਤੀ ਸੈਕਟਰ ਵਿੱਚ 13 ਲੱਖ ਮੋਟਰਾਂ ਨੂੰ ਵੀ ਸਬਸਿਡੀ ਮਿਲੀ ਰਹੀ ਹੈ। ਪਾਵਰਕੌਮ ਦੇ ਅਧਿਕਾਰੀ ਆਖਦੇ ਹਨ ਕਿ ਬੇਸ਼ੱਕ ਸਬਸਿਡੀ ਦਾ ਬੋਝ ਵਧ ਗਿਆ ਹੈ ਪ੍ਰੰਤੂ ਸਰਕਾਰ ਵੱਲੋਂ ਸਬਸਿਡੀ ਫ਼ਿਲਹਾਲ ਵੇਲੇ ਸਿਰ ਦਿੱਤੀ ਜਾ ਰਹੀ ਹੈ।

# ਸਿਆਸੀ ਸੁਪਨੇ ਦੀ ਕਲਪਨਾ: ਚੋਣ ਮੁਹਿੰਮਾਂ ਵਿੱਚ ਹੇਰਾਫੇਰੀ ਅਤੇ ਅਸਲੀਅਤ




**ਜਾਣ-ਪਛਾਣ:**

ਰਾਜਨੀਤੀ ਦੇ ਖੇਤਰ ਵਿੱਚ, ਚੋਣਾਂ ਲੋਕਤੰਤਰ ਦੇ ਅੰਤਮ ਥੀਏਟਰ ਵਜੋਂ ਕੰਮ ਕਰਦੀਆਂ ਹਨ, ਜਿੱਥੇ ਵਾਅਦੇ, ਇੱਛਾਵਾਂ ਅਤੇ ਆਦਰਸ਼ਾਂ ਦਾ ਟਕਰਾਅ ਹੁੰਦਾ ਹੈ। ਹਾਲਾਂਕਿ, ਲੋਕਤੰਤਰੀ ਜੋਸ਼ ਦੇ ਲਿਬਾਸ ਦੇ ਹੇਠਾਂ ਸ਼ਕਤੀ, ਹੇਰਾਫੇਰੀ ਅਤੇ ਪ੍ਰੇਰਣਾ ਦੀ ਇੱਕ ਗੁੰਝਲਦਾਰ ਖੇਡ ਹੈ। ਰਾਜਨੀਤਿਕ ਨੇਤਾਵਾਂ ਦੁਆਰਾ ਚਲਾਏ ਗਏ ਸਭ ਤੋਂ ਸ਼ਕਤੀਸ਼ਾਲੀ ਸਾਧਨਾਂ ਵਿੱਚੋਂ ਇੱਕ ਦਿਨ ਦੇ ਸੁਪਨੇ ਵੇਖਣ ਦੀ ਕਲਾ ਹੈ - ਯੂਟੋਪੀਅਨ ਦ੍ਰਿਸ਼ਟੀਕੋਣਾਂ ਅਤੇ ਸ਼ਾਨਦਾਰ ਵਾਅਦਿਆਂ ਦਾ ਚਲਾਕ ਨਿਰਮਾਣ ਜੋ ਵੋਟਰਾਂ ਦੇ ਮਨਾਂ ਨੂੰ ਮੋਹ ਲੈਂਦੇ ਹਨ। ਪ੍ਰਚਾਰ ਰੈਲੀਆਂ ਦੇ ਉੱਚੇ-ਉੱਚੇ ਮੰਚਾਂ ਤੋਂ ਲੈ ਕੇ ਸੋਸ਼ਲ ਮੀਡੀਆ ਦੇ ਪਿਕਸਲ ਤੱਕ, ਰਾਜਨੀਤਿਕ ਨੇਤਾ ਬਿਆਨਬਾਜ਼ੀ ਦੇ ਇੱਕ ਭਰਮਾਉਣ ਵਾਲੇ ਨਾਚ ਵਿੱਚ ਸ਼ਾਮਲ ਹੁੰਦੇ ਹਨ, ਬਿਰਤਾਂਤ ਬੁਣਦੇ ਹਨ ਜੋ ਆਮ ਆਦਮੀ ਦੀ ਕਲਪਨਾ ਨੂੰ ਤਾਰ-ਤਾਰ ਕਰ ਦਿੰਦੇ ਹਨ। ਫਿਰ ਵੀ, ਤਮਾਸ਼ੇ ਦੇ ਵਿਚਕਾਰ, ਟੁੱਟੇ ਵਾਅਦਿਆਂ ਅਤੇ ਅਧੂਰੇ ਸੁਪਨਿਆਂ ਦੀ ਗੰਭੀਰ ਹਕੀਕਤ ਨੂੰ ਛੁਪਾਉਂਦਾ ਹੈ. ਅਸੀਂ ਸਿਆਸੀ ਨੇਤਾਵਾਂ ਦੁਆਰਾ ਦਿਹਾੜੀਦਾਰ ਸੁਪਨੇ ਦੇਖਣ ਦੇ ਵਰਤਾਰੇ ਅਤੇ ਚੋਣਾਂ ਦੌਰਾਨ ਆਮ ਆਦਮੀ ਲਈ ਇਸ ਦੇ ਪ੍ਰਭਾਵਾਂ ਬਾਰੇ ਚਰਚਾ ਕਰਾਂਗੇ।

**ਚੋਣ ਦਾ ਭਰਮ:**

ਚੋਣਾਂ ਨੂੰ ਅਕਸਰ ਲੋਕਤੰਤਰ ਦਾ ਨੀਂਹ ਪੱਥਰ ਮੰਨਿਆ ਜਾਂਦਾ ਹੈ, ਜੋ ਲੋਕਾਂ ਦੀ ਉਨ੍ਹਾਂ ਦੀ ਸਮੂਹਿਕ ਕਿਸਮਤ ਨੂੰ ਆਕਾਰ ਦੇਣ ਦੀ ਸ਼ਕਤੀ ਦਾ ਪ੍ਰਤੀਕ ਹੈ। ਹਾਲਾਂਕਿ, ਚੋਣ ਦੇ ਨਕਾਬ ਦੇ ਪਿੱਛੇ ਇੱਕ ਵਧੇਰੇ ਸੂਖਮ ਹਕੀਕਤ ਹੈ। ਸਿਆਸੀ ਦਿਹਾੜੀ ਦੇਖਣਾ ਸਿਰਫ਼ ਭਵਿੱਖ ਦੇ ਪ੍ਰਤੀਯੋਗੀ ਦ੍ਰਿਸ਼ ਪੇਸ਼ ਕਰਨ ਬਾਰੇ ਨਹੀਂ ਹੈ, ਸਗੋਂ ਜਨਤਕ ਭਾਸ਼ਣ ਦੇ ਰੂਪਾਂ ਨੂੰ ਮੂਰਤੀਮਾਨ ਕਰਨ ਅਤੇ ਸਵੀਕਾਰਯੋਗ ਬਹਿਸ ਦੀਆਂ ਸੀਮਾਵਾਂ ਨੂੰ ਹੇਰਾਫੇਰੀ ਕਰਨ ਬਾਰੇ ਵੀ ਹੈ। ਸਾਵਧਾਨੀ ਨਾਲ ਤਿਆਰ ਕੀਤੇ ਬਿਰਤਾਂਤਾਂ ਰਾਹੀਂ, ਰਾਜਨੀਤਿਕ ਨੇਤਾ ਸਾਡੇ ਬਨਾਮ ਉਹਨਾਂ ਦਾ ਇੱਕ ਬਾਈਨਰੀ ਬਿਰਤਾਂਤ ਤਿਆਰ ਕਰਦੇ ਹਨ, ਗੁੰਝਲਦਾਰ ਮੁੱਦਿਆਂ ਨੂੰ ਸਰਲ ਸ਼ਬਦਾਂ ਵਿੱਚ ਤਿਆਰ ਕਰਦੇ ਹਨ ਅਤੇ ਵਿਚਾਰਧਾਰਕ ਨੁਕਸ ਲਾਈਨਾਂ ਦੇ ਨਾਲ ਵੋਟਰਾਂ ਦਾ ਧਰੁਵੀਕਰਨ ਕਰਦੇ ਹਨ। ਨਿਰਮਿਤ ਸਹਿਮਤੀ ਦੇ ਇਸ ਲੈਂਡਸਕੇਪ ਵਿੱਚ, ਚੋਣ ਦਾ ਭੁਲੇਖਾ ਸਮਾਜ ਵਿੱਚ ਫੈਲਣ ਵਾਲੀਆਂ ਢਾਂਚਾਗਤ ਅਸਮਾਨਤਾਵਾਂ ਅਤੇ ਪ੍ਰਣਾਲੀਗਤ ਬੇਇਨਸਾਫ਼ੀਆਂ ਨੂੰ ਅਸਪਸ਼ਟ ਕਰਨ, ਨਿਯੰਤਰਣ ਦਾ ਇੱਕ ਸ਼ਕਤੀਸ਼ਾਲੀ ਸਾਧਨ ਬਣ ਜਾਂਦਾ ਹੈ।

**ਸੁਪਨੇ ਦੀ ਕਲਪਨਾ ਦਾ ਵਾਅਦਾ:**

ਰਾਜਨੀਤਿਕ ਦਿਹਾੜੀ ਦੇ ਸੁਪਨੇ ਵੇਖਣ ਦੇ ਕੇਂਦਰ ਵਿੱਚ ਸੁਪਨਿਆਂ ਦੀ ਕਲਪਨਾ ਦਾ ਵਾਅਦਾ ਹੁੰਦਾ ਹੈ - ਉਮੀਦ, ਸੰਭਾਵਨਾ ਅਤੇ ਮੁਕਤੀ ਨਾਲ ਰੰਗਿਆ ਭਵਿੱਖ ਦਾ ਇੱਕ ਆਦਰਸ਼ ਦ੍ਰਿਸ਼ਟੀਕੋਣ। ਭਾਵੇਂ ਇਹ ਆਰਥਿਕ ਖੁਸ਼ਹਾਲੀ, ਸਮਾਜਿਕ ਨਿਆਂ, ਜਾਂ ਰਾਸ਼ਟਰੀ ਮਹਾਨਤਾ ਦਾ ਵਾਅਦਾ ਹੋਵੇ, ਸਿਆਸੀ ਨੇਤਾ ਵੋਟਰਾਂ ਦੀਆਂ ਸਮੂਹਿਕ ਇੱਛਾਵਾਂ ਦੀ ਵਰਤੋਂ ਕਰਦੇ ਹਨ ਅਤੇ ਉਨ੍ਹਾਂ ਨੂੰ ਅਨੰਤ ਸੰਭਾਵਨਾਵਾਂ ਦੇ ਕੈਨਵਸ 'ਤੇ ਪੇਸ਼ ਕਰਦੇ ਹਨ। ਸ਼ਾਨਦਾਰ ਭਾਸ਼ਣਾਂ ਅਤੇ ਗਲੋਸੀ ਮੁਹਿੰਮ ਵਿਗਿਆਪਨਾਂ ਰਾਹੀਂ, ਉਹ ਇੱਕ ਬਦਲੀ ਹੋਈ ਦੁਨੀਆਂ ਦੀ ਤਸਵੀਰ ਪੇਂਟ ਕਰਦੇ ਹਨ, ਜਿੱਥੇ ਹਰ ਸਮੱਸਿਆ ਦਾ ਹੱਲ ਹੁੰਦਾ ਹੈ ਅਤੇ ਹਰ ਸੁਪਨੇ ਨੂੰ ਸਾਕਾਰ ਕਰਨ ਦਾ ਰਸਤਾ ਹੁੰਦਾ ਹੈ। ਫਿਰ ਵੀ, ਆਸ਼ਾਵਾਦ ਦੇ ਲਿਬਾਸ ਦੇ ਹੇਠਾਂ ਸਨਕੀਵਾਦ ਦਾ ਪਰਛਾਵਾਂ ਹੈ, ਕਿਉਂਕਿ ਹਰ ਲੰਘਣ ਵਾਲੇ ਚੋਣ ਚੱਕਰ ਦੇ ਨਾਲ ਬਿਆਨਬਾਜ਼ੀ ਅਤੇ ਹਕੀਕਤ ਵਿਚਕਾਰ ਪਾੜਾ ਵਧਦਾ ਜਾ ਰਿਹਾ ਹੈ।

**ਵਿਸ਼ਵਾਸਘਾਤ ਦੀ ਅਸਲੀਅਤ:**

ਆਮ ਆਦਮੀ ਲਈ, ਰਾਜਨੀਤਿਕ ਸੁਪਨੇ ਅਕਸਰ ਨਿਰਾਸ਼ਾ ਅਤੇ ਵਿਸ਼ਵਾਸਘਾਤ ਵਿੱਚ ਖਤਮ ਹੁੰਦੇ ਹਨ। ਮੁਹਿੰਮ ਦੇ ਰਾਹ 'ਤੇ ਕੀਤੇ ਵਾਅਦੇ ਸ਼ਾਸਨ ਦੀਆਂ ਜ਼ਰੂਰਤਾਂ ਦੇ ਵਿਚਕਾਰ ਆਸਾਨੀ ਨਾਲ ਭੁਲਾ ਦਿੱਤੇ ਜਾਂਦੇ ਹਨ, ਅਤੇ ਯੂਟੋਪੀਅਨ ਦ੍ਰਿਸ਼ਟੀਕੋਣ ਜੋ ਇੱਕ ਵਾਰ ਪ੍ਰੇਰਿਤ ਉਮੀਦ ਸਨ, ਸੱਤਾ ਦੀ ਰਾਜਨੀਤੀ ਦੀਆਂ ਕਠੋਰ ਹਕੀਕਤਾਂ ਦੁਆਰਾ ਬਦਲ ਦਿੱਤੇ ਗਏ ਹਨ। ਟੁੱਟੇ ਹੋਏ ਵਾਅਦਿਆਂ ਤੋਂ ਲੈ ਕੇ ਸਿੱਧੇ ਧੋਖੇ ਤੱਕ, ਰਾਜਨੀਤਿਕ ਨੇਤਾ ਨਿਯਮਤ ਤੌਰ 'ਤੇ ਆਪਣੀਆਂ ਵਚਨਬੱਧਤਾਵਾਂ ਤੋਂ ਮੁਨਕਰ ਹੋ ਜਾਂਦੇ ਹਨ, ਲਾਭ ਦੀ ਵੇਦੀ 'ਤੇ ਸਿਧਾਂਤ ਦੀ ਬਲੀ ਦਿੰਦੇ ਹਨ। ਇਸ ਵਿਸ਼ਵਾਸਘਾਤ ਦੇ ਸਿੱਟੇ ਸਿਰਫ਼ ਸਿਆਸੀ ਹੀ ਨਹੀਂ ਸਗੋਂ ਨੈਤਿਕ ਵੀ ਹੁੰਦੇ ਹਨ, ਕਿਉਂਕਿ ਲੋਕਤੰਤਰੀ ਪ੍ਰਕਿਰਿਆ ਵਿਚ ਭਰੋਸਾ ਟੁੱਟਦਾ ਹੈ ਅਤੇ ਵੋਟਰਾਂ ਦੇ ਦਿਲਾਂ ਵਿਚ ਸਨਕੀ ਜੜ੍ਹ ਫੜ ਲੈਂਦੀ ਹੈ।

**ਮੀਡੀਆ ਦੀ ਭੂਮਿਕਾ:**

ਜਨ ਸੰਚਾਰ ਦੇ ਯੁੱਗ ਵਿੱਚ, ਮੀਡੀਆ ਸਿਆਸੀ ਦਿਹਾੜੀ ਦੇ ਰੂਪਾਂ ਨੂੰ ਰੂਪ ਦੇਣ ਵਿੱਚ ਇੱਕ ਪ੍ਰਮੁੱਖ ਭੂਮਿਕਾ ਨਿਭਾਉਂਦਾ ਹੈ। 24/7 ਖ਼ਬਰਾਂ ਦੇ ਚੱਕਰਾਂ, ਓਪੀਨੀਅਨ ਪੋਲ, ਅਤੇ ਸੋਸ਼ਲ ਮੀਡੀਆ ਈਕੋ ਚੈਂਬਰਾਂ ਰਾਹੀਂ, ਮੀਡੀਆ ਰਾਜਨੀਤਿਕ ਨੇਤਾਵਾਂ ਦੀਆਂ ਆਵਾਜ਼ਾਂ ਨੂੰ ਵਧਾਉਂਦਾ ਹੈ ਅਤੇ ਉਨ੍ਹਾਂ ਦੇ ਬਿਰਤਾਂਤਾਂ ਨੂੰ ਮਜ਼ਬੂਤ ਕਰਦਾ ਹੈ, ਸੱਚਾਈ ਅਤੇ ਕਲਪਨਾ ਵਿਚਕਾਰ ਰੇਖਾ ਨੂੰ ਧੁੰਦਲਾ ਕਰਦਾ ਹੈ। ਸਨਸਨੀ ਵਿਕਦੀ ਹੈ ਅਤੇ ਸਿਆਸੀ ਤਮਾਸ਼ਾ ਮਨੋਰੰਜਨ ਬਣ ਜਾਂਦਾ ਹੈ, ਕਿਉਂਕਿ ਨੀਤੀ ਦਾ ਤੱਤ ਸ਼ਖਸੀਅਤ ਦੇ ਤਮਾਸ਼ੇ ਨੂੰ ਰਾਹ ਦੇ ਦਿੰਦਾ ਹੈ। ਇਸ ਹਾਈਪਰ-ਵਿਚੋਲੇ ਵਾਲੇ ਮਾਹੌਲ ਵਿੱਚ, ਆਮ ਆਦਮੀ ਨੂੰ ਪ੍ਰਤੀਯੋਗੀ ਬਿਰਤਾਂਤਾਂ ਦੀ ਕੋਕੋਫੋਨੀ ਨਾਲ ਉਡਾਇਆ ਜਾਂਦਾ ਹੈ, ਜਿਸ ਨਾਲ ਅਸਲ ਦ੍ਰਿਸ਼ਟੀ ਅਤੇ ਖਾਲੀ ਬਿਆਨਬਾਜ਼ੀ ਵਿਚਕਾਰ ਫਰਕ ਕਰਨਾ ਮੁਸ਼ਕਲ ਹੋ ਜਾਂਦਾ ਹੈ।

(ਗਰੇਵਾਲ ਜਤਵਿੰਦਰ/ਪਰਮਿੰਦਰ

# ਸੰਤ ਬਾਵਾ ਪੂਰਨ ਦਾਸ ਮਹਾਰਾਜ ਜੀ ਦੇ ਤਿੰਨ ਰੋਜ਼ਾ 58ਵਾਂ ਬਰਸੀ ਸਮਾਗਮ ਹੋਇਆ ਸ਼ੁਰੂ



ਸੰਤ ਬਾਵਾ ਪੂਰਨ ਦਾਸ ਮਹਾਰਾਜ ਜੀ ਦੀ 58ਵੀਂ ਬਰਸੀ ਦੇ ਤਿੰਨ ਰੋਜ਼ਾ ਸਮਾਗਮਾਂ ਦੀ ਸ਼ੁਰੂਆਤ ਦਾ ਦ੍ਰਿਸ਼

ਪਟਿਆਲਾ, 11 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸੰਤ ਬਾਵਾ ਪੂਰਨ ਦਾਸ ਮਹਾਰਾਜਾ ਜੀ ਦੀ 58ਵੀਂ ਬਰਸੀ ਦੇ ਤਿੰਨ ਰੋਜ਼ਾ ਸਮਾਗਮਾਂ ਦੀ ਸ਼ੁਰੂਆਤ ਅੱਜ ਗੁਰਦੁਆਰਾ ਗੁਫਾਸਰ ਸਾਹਿਬ ਰੋੜ੍ਹਗੜ੍ਹ (ਪਟਿਆਲਾ) ਵਿਖੇ ਹੋਈ। ਪਹਿਲੇ ਦਿਨ ਵੱਡੀ ਗਿਣਤੀ ਵਿਚ ਸ਼ਰਧਾਲੂ ਨਤਮਸਤਕ ਹੋਣ ਲਈ ਪਹੁੰਚੇ। ਸੰਗਤ ਵੱਡੀ ਗਿਣਤੀ ਵਿਚ ਸਵੇਰੇ ਹੀ ਆਉਣੀ ਸ਼ੁਰੂ ਹੋ ਗਈ ਤੇ ਕਾਫੀ ਵੱਡੀ ਗਿਣਤੀ ਵਿਚ ਲੋਕ ਪਹੁੰਚੇ। ਸੰਗਤਾਂ ਦੇ ਠਹਿਰਣ ਲਈ ਵੱਡੇ ਪ੍ਰਬੰਧ ਕੀਤੇ ਗਏ ਹਨ। ਗੁਰੂ ਘਰ ਦੇ ਸ਼ਰਧਾਲੂਆਂ ਦੇ ਨਾਲ-ਨਾਲ ਇਥੇ ਇਲਾਕੇ ਦੇ ਨਹੀਂ ਬਲਕਿ ਇਥੋਂ ਵੱਖ-ਵੱਖ ਸੂਬਿਆਂ ਤੋਂ ਨਹੀਂ ਬਲਕਿ ਵੱਖ-ਵੱਖ ਦੇਸ਼ਾਂ ਤੋਂ ਵੀ ਸ਼ਰਧਾਲੂ ਪਹੁੰਚਣੇ ਸ਼ੁਰੂ ਹੋ ਗਏ ਹਨ। ਸੇਵਾਦਾਰਾਂ ਵਲੋਂ ਆਪਣੀ-ਆਪਣੀ ਸੇਵਾ ਸੰਭਾਲ ਲਈ ਗਈ ਹੈ। ਬਰਸੀ ਸਮਾਗਮ ਮੌਕੇ ਜਿਥੇ ਸੰਤ ਬਾਵਾ ਪੂਰਨ ਦਾਸ ਜੀ ਮਹਾਰਾਜ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਂਦੇ ਹਨ, ਉਥੇ ਖੂਨਦਾਨ ਕੈਂਪ ਸਮੇਤ ਕਈ ਸਮਾਜਿਕ ਕੰਮ ਵੀ ਕੀਤੇ ਜਾ ਰਹੇ ਹਨ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਫਕੀਰਾਂ ਕੇ ਬਖਸ਼ੀਸ਼-ਏ-ਤਖਤ ਪ੍ਰਾਚੀਨ ਉਦਾਸੀਨ ਡੇਰਾ ਗੁਰਦੁਆਰਾ ਗੁਫਾਸਰ ਸਾਹਿਬ ਰੋੜ੍ਹਗੜ੍ਹ (ਪਟਿਆਲਾ) ਦੇ ਗੱਦੀ ਨਸ਼ੀਨ ਮਹੰਤ ਗੁਰਚਰਨ ਦਾਸ ਜੀ ਨੇ ਦੱਸਿਆ ਕਿ ਬ੍ਰਹਮਲੀਨ 111 ਸੰਤ ਬਾਬਾ ਬਲਵੰਤ ਸਿੰਘ ਜੀ ਮਹਾਰਾਜ ਜੀ ਦੇ ਆਸ਼ੀਰਵਾਦ ਹੇਠ ਸ਼ਰਧਾ ਪ੍ਰੇਮ ਨਾਲ ਮਨਾਈ ਜਾ ਰਹੀ ਹੈ, ਜਿਸਦੀ ਸ਼ੁਰੂਆਤ ਅੱਜ ਹੋ ਚੁੱਕੀ ਹੈ ਅਤੇ 11 ਮਈ ਦਿਨ ਬੁਧਵਾਰ ਨੂੰ ਆਸਾ ਦੀ ਵਾਰ ਦੇ ਕੀਰਤਨ ਸਵੇਰੇ 4.00 ਅਮ੍ਰਿਤ ਵੇਲੇ ਆਰੰਭ ਹੋ ਕੇ ਸਵੇਰੇ 8.00 ਵਜੇ ਸਮਾਪਤੀ ਹੋਵੇਗੀ। ਇਸ ਤੋਂ ਬਾਅਦ ਗੁਰਬਾਣੀ ਸ਼ਬਦ ਕੀਰਤਨ ਕਥਾ ਦਾ ਖੁੱਲਾ ਦੀਵਾਨ ਸਾਰਾ ਦਿਨ ਲਗਾਤਾਰ ਚਲਦਾ ਰਹੇਗਾ। ਸ਼ਾਮ ਵੇਲੇ ਰਹਿਰਾਸ ਜੀ ਦੇ ਪਾਠ ਉਪਰੰਤ ਰੈਣ-ਸਵਾਈ ਕੀਰਤਨ ਸ਼ੁਰੂ ਹੋਣਗੇ। ਜਿਸ ਵਿਚ ਸੰਤ ਮਹਾਤਮਾ, ਗੁਣੀ ਗਿਆਨੀ, ਕੀਰਤਨ ਜਥਿਆਂ ਅਤੇ ਰਾਗੀ ਕੀਰਤਨ ਕਥਾ ਵਿਚਾਰ ਕਰਨਗੇ। 11 ਮਈ ਦਿਨ ਵੀਰਵਾਰ ਨੂੰ ਸੰਤ ਗੁਰਚਰਨ ਦਾਸ (ਗੱਦੀ ਨਸ਼ੀਨ ਗੁਰਦੁਆਰਾ ਸਹਿਬ ਰੋੜੇਵਾਲ) 12.00 ਤੋਂ 1.15 ਵਜੇ ਅਮ੍ਰਿਤ ਵੇਲੇ ਤੱਕ ਗੁਰਬਾਣੀ ਕੀਰਤਨ ਦੁਆਰਾ ਬ੍ਰਹਮਲੀਨ ਸੰਤ ਮਹਾਰਾਜ ਜੀ ਨੂੰ ਸ਼ਰਧਾਂਜਲੀ ਭੇਂਟ ਕਰਨਗੇ। ਇਸ ਉਪਰੰਤ ਸ੍ਰੀ ਅਖੰਡ ਪਾਠਾਂ ਦੇ ਭੋਗ ਦੀ ਅਰਦਾਸ ਹੋਵੇਗੀ। 11 ਮਈ ਦਿਨ ਵੀਰਵਾਰ ਨੂੰ ਅਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਹੋਵੇਗਾ ਅਤੇ 2.00 ਵਜੇ ਤੱਕ ਖੁੱਲਾ ਦੀਵਾਨ ਸਜੇਗਾ। ਤੀਜੇ ਪਹਿਰ ਅੰਤਰਰਾਸ਼ਟਰੀ ਪਹਿਲਵਾਨਾਂ ਦਾ ਕੁਸ਼ਤੀ ਦੰਗਲ ਹੋਵੇਗਾ। ਮਹੰਤ ਗੁਰਚਰਨ ਦਾਸ ਜੀ ਨੇ ਦੱਸਿਆ ਕਿ 11 ਮਈ ਦਿਨ ਸ਼ੁਕਰਵਾਰ ਨੂੰ 8 ਵਜੇ ਸਵੇਰੇ ਅਮ੍ਰਿਤ ਪਾਨ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਬਰਸੀ ਸਮਾਗਮ ਸਮੂਹ ਜਥੇਦਾਰ ਸੰਤ ਖਾਲਸਾ, ਸਾਧ ਸੰਗਤ, ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਹਨ।

# ਕਾਮਧੇਨੂ ਗਊਸ਼ਾਲਾ 'ਚ ਹਵਨ ਯੱਗ ਕਰਵਾਇਆ



ਡੇਰਾ ਬਸੀ, 11 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਜੈਨ ਮੁਨੀ ਜਗਦੀਸ਼ ਕਾਮਧੇਨੂ ਗਊਸ਼ਾਲਾ ਕਮੇਟੀ ਦੀ ਸਰਪ੍ਰਸਤੀ ਹੇਠ ਅੱਜ ਅਮਾਵਸਿਆ ਮੌਕੇ ਸਥਾਨਕ ਧਨੌਨੀ ਰੋਡ ਸਥਿਤ ਗਊਸ਼ਾਲਾ ਵਿਖੇ ਹਵਨ ਯੱਗ ਤੇ ਭੰਡਾਰੇ ਦਾ ਆਯੋਜਨ ਕੀਤਾ ਗਿਆ। ਗਾਇਤਰੀ ਪਰਿਵਾਰ ਦੇ ਪੰਡਿਤ ਨਰੇਸ਼ ਕੁਮਾਰ ਚੌਧਰੀ ਵਲੋਂ ਯੱਗ ਕਰਵਾਇਆ ਗਿਆ। ਇਸ ਮੌਕੇ 'ਤੇ ਬਤੌਰ ਮੁੱਖ ਸ਼ਰਧਾਲੂ ਪਹੁੰਚੇ ਪਟਿਆਲਾ ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਨ. ਕੇ. ਸ਼ਰਮਾ ਦਾ ਭਰਾ ਧਰਮਿੰਦਰ ਸ਼ਰਮਾ ਨੇ ਕਿਹਾ ਕਿ ਪੁਰਾਤਨ ਗ੍ਰੰਥਾਂ ਦੇ ਅਨੁਸਾਰ ਗਊਆਂ ਵਿਚ ਦੇਵਤਿਆਂ ਦਾ ਵਾਸ ਹੁੰਦਾ ਹੈ। ਗੀਤਾ ਵਿਚ ਵੀ ਇਹ ਕਿਹਾ ਗਿਆ ਹੈ ਕਿ ਗਊ ਸੇਵਾ ਨਾਲ ਵਿਅਕਤੀ ਦੇ ਦੁੱਖ ਖਤਮ ਹੁੰਦੇ ਹਨ। ਧਰਮਿੰਦਰ ਸ਼ਰਮਾ ਨੇ ਯੱਗ ਤੋਂ ਬਾਅਦ ਗਊਆਂ ਲਈ ਚਾਰੇ ਦੀ ਸੇਵਾ ਵੀ ਕੀਤੀ। ਇਸ ਮੌਕੇ ਯੱਗ ਤੇ ਭੰਡਾਰੇ ਦੀ ਸੇਵਾ ਵਨੀਤ ਬੱਬਰ ਵਲੋਂ ਕੀਤੀ ਗਈ। ਗਊਸ਼ਾਲਾ ਕਮੇਟੀ ਦੇ ਪ੍ਰਧਾਨ ਰਵਿੰਦਰ ਜੈਨ ਨੇ ਕਿਹਾ ਕਿ ਇਸ ਤਰ੍ਹਾਂ ਦੇ ਆਯੋਜਨ ਪਿਛੇ ਮੁੱਖ ਉਦੇਸ਼ ਸ਼ਹਿਰ ਵਿਚ ਲਾਵਾਰਿਸ ਹਾਲਾਤ 'ਚ ਘੁੰਮ ਰਹੇ ਗਊ ਧਨ ਨੂੰ ਇਕ ਛੱਤ ਮੁਹੱਈਆ ਕਰਵਾਉਣਾ ਹੈ।

# ਪਿੰਡ ਦੱਬਟ ਦੇ ਨੌਜਵਾਨ ਲਖਵੀਰ ਸਿੰਘ ਲੱਕੀ ਦਾ ਪਹਿਲਾ ਗਾਣਾ 'ਫਾਰ ਯੂ' ਹੋਇਆ ਰੀਲੀਜ਼

ਸ੍ਰੀ ਅਨੰਦਪੁਰ ਸਾਹਿਬ, 11 ਮਈ
-ਕੌਮੀ ਪੱਤ੍ਰਿਕਾ ਬਿਊਰੋ-




ਸ੍ਰੀ ਅਨੰਦਪੁਰ ਸਾਹਿਬ ਦੇ ਨਜ਼ਦੀਕੀ ਪੰਜਾਬ ਹਿਮਾਚਲ ਬਾਰਡਰ ਤੇ ਸਥਿਤ ਪਿੰਡ ਦੱਬਟ ਦੇ ਨੌਜਵਾਨ ਲਖਵੀਰ ਸਿੰਘ ਲੱਕੀ ਦੀ ਜ਼ਿੰਦਗੀ ਦਾ ਪਹਿਲਾ ਗਾਣਾ 'ਫਾਰ ਯੂ' ਬੀਤੀ ਸ਼ਾਮ ਯੂ ਟਿਊਬ ਸਮੇਤ ਸੋਸ਼ਲ ਮੀਡੀਆ ਦੇ ਵੱਖ ਵੱਖ ਪਲੇਟਫਾਰਮਾਂ ਤੇ ਰੀਲੀਜ਼ ਹੋਇਆ,

ਰੀਲੀਜ਼ ਹੁੰਦੇ ਸਾਰ ਹੀ ਯੂ ਟਿਊਬ ਉੱਤੇ ਲੋਕਾਂ ਦਾ ਭਾਰੀ ਪਿਆਰ ਦੇਖਣ ਨੂੰ ਮਿਲਿਆ ਤੇ ਕੁੱਝ ਕੁ ਸਮੇਂ ਬਾਅਦ ਹੀ ਵੀਡੀਓ ਉੱਤੇ ਹਜ਼ਾਰਾਂ ਵਿਊ ਮਿਲੇ, ਜ਼ਿਕਰਯੋਗ ਹੈ ਕਿ ਲਖਵੀਰ ਸਿੰਘ ਲੱਕੀ ਨੇ ਅਪਣੇ ਪਿੰਡ ਦੱਬਟ ਦੇ ਸਰਕਾਰੀ ਸਕੂਲ ਤੋਂ ਸਿੱਖਿਆ ਪ੍ਰਾਪਤ ਕੀਤੀ ਤੇ ਮਹਿਜ 22 ਕੁ ਸਾਲ ਦੀ ਉਮਰ ਵਿੱਚ ਲੱਕੀ ਨੇ ਆਪਣਾ ਪਹਿਲਾ ਗਾਣਾ ਰੀਲੀਜ਼ ਕੀਤਾ,ਲੱਕੀ ਨੂੰ ਬਚਪਨ ਤੋਂ ਹੀ ਗਾਣ ਦਾ ਬਹੁਤ ਸ਼ੌਂਕ ਸੀ ਤੇ ਅੱਜ ਉਸ ਨੇ ਉਸੀ ਸ਼ੌਂਕ ਨੂੰ ਪੂਰਾ ਕਰਦਿਆਂ ਆਪਣੀ ਮਿਹਨਤ ਨਾਲ ਪਹਿਲਾ ਗਾਣਾ ਰੀਲੀਜ਼ ਕੀਤਾ, ਬੀਤੇ ਦਿਨੀਂ ਸ੍ਰੀ ਅਨੰਦਪੁਰ ਸਾਹਿਬ ਤੋਂ ਹਲਕਾ ਵਿਧਾਇਕ ਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਉਕਤ ਗਾਣੇ ਦਾ ਪੋਸਟਰ ਚੰਡੀਗੜ੍ਹ ਸਥਿਤ ਰਿਹਾਇਸ਼ ਵਿਖੇ ਰੀਲੀਜ਼ ਕੀਤਾ ਸੀ ਤੇ ਲੱਕੀ ਨੂੰ ਉਸਦੇ ਭਵਿੱਖ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ ਸਨ,

ਇਸ ਗਾਣੇ ਵਿੱਚ ਲਖਵੀਰ ਸਿੰਘ ਲੱਕੀ ਵੱਲੋਂ ਆਪ ਹੀ ਗਾਣਾ ਲਿਖਿਆ ਗਿਆ ਤੇ ਮਿਊਜ਼ਿਕ ਵੀ ਆਪ ਹੀ ਤਿਆਰ ਕਰਵਾਇਆ ਗਿਆ ਤੇ ਮਾਡਲ ਦੀ ਭੂਮਿਕਾ ਸ੍ਰਿਸ਼ਟੀ ਰਾਜਪੂਤ ਵੱਲੋਂ ਨਿਭਾਈ ਗਈ ਇਸ ਗਾਣੇ ਨੂੰ ਸਫ਼ਲ ਬਣਾਉਣ ਵਿੱਚ ਸ਼ਿਵ ਜੋਤ ਸਿੰਘ,ਸੌਰਵ ਸ਼ਰਮਾ,ਇੱਛਰ ਸਿੰਘ, ਮਨਿੰਦਰ ਸਿੰਘ,ਜੱਸੀ ਨਾਨੋਵਾਲੀਆਂ ਸੁੱਖੀ,ਜੱਸੀ ਬਡਾਲਾ,ਅਨੀਤਾ ਗੀਤ,ਹਰਮਨ ਅਤੇ ਪੂਨਮ ਦੀ ਵਿਸ਼ੇਸ਼ ਭੂਮਿਕਾ ਰਹੀ,

ਇਹ ਗਾਣਾ ਜੋਵਿਬ ਰਿਕਾਰਡਜ ਵੱਲੋਂ ਤਿਆਰ ਕੀਤਾ ਗਿਆ, ਇਸ ਮੌਕੇ ਮਾਤਾ ਬਲਵਿੰਦਰ ਕੌਰ ਜੀ,ਸੋਹਣ ਸਿੰਘ ਬੈਂਸ, ਡਾ: ਸੰਜੀਵ ਗੌਤਮ,ਪ੍ਰਿੰਸੀਪਲ ਰਾਮ ਗੋਪਾਲ,ਚੌਧਰੀ ਰਾਕੇਸ਼ ਮਹਿਲਵਾਂ,ਦੀਪਕ ਸੋਨੀ ਮੀਡੀਆ ਕੁਆਰਡੀਨੇਟਰ,ਕਮਿੱਕਰ ਸਿੰਘ ਡਾਢੀ,ਕੇਸਰ ਸਿੰਘ ਸੰਧੂ,ਪੰਮੂ ਢਿੱਲੋਂ, ਬਲਵਿੰਦਰ ਸਿੰਘ,ਅਮਨ ਬੇਲੀਆਂ, ਦਲਜੀਤ ਸਿੰਘ ਕਾਕਾ ਨਾਨਗਰਾਂ, ਨਿਤਿਨ ਸ਼ਰਮਾ,ਕੰਵਲ ਜੋਤ ਸਿੰਘ, ਸੁਸ਼ੀਲ ਕੁਮਾਰ,ਅੰਕੁਸ਼ ਪਾਠਕ, ਕਰਨ,ਪੰਡਿਤ ਰੋਹਿਤ ਕਾਲੀਆ,ਸ਼ੰਮੀ ਬਰਾਰੀ,ਪਰਮਿੰਦਰ ਸਿੰਘ ਜਿੰਮੀ ਡਾਢੀ,ਜਸ਼ਨਪ੍ਰੀਤ ਸਿੰਘ,ਪਰਵਿੰਦਰ ਸਿੰਘ ਪੰਮਾ ਨੇ ਲਖਵੀਰ ਸਿੰਘ ਲੱਕੀ ਨੂੰ ਪਹਿਲੇ ਗਾਣੇ ਦੀਆਂ ਦਿਲੋਂ ਵਧਾਈਆਂ ਦਿੱਤੀਆਂ ਅਤੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ

# ਭਗਵੰਤ ਮਾਨ ਦਾ ਬਠਿੰਡੇ ਵਿੱਚ ਵਿਸ਼ਾਲ ਰੋਡ ਸ਼ੋਅ



ਬਠਿੰਡਾ, 11 ਮਈ
-ਆਸ਼ੂ ਖੰਨਾ-
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਨੂੰ 'ਆਪ' ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਦੇ ਹੱਕ 'ਚ ਰੋਡ ਸ਼ੋਅ ਕਰਦਿਆਂ ਬਾਦਲ ਪਰਿਵਾਰ 'ਤੇ ਤਿੱਖਾ ਹਮਲਾ ਕੀਤਾ। ਮਾਨ ਨੇ ਕਿਹਾ ਕਿ ਇੱਕ ਬਠਿੰਡੇ ਵਾਲਾ ਕੰਢਾ ਰਹਿ ਗਿਆ ਹੈ, ਇਸ ਵਾਰ ਉਸ ਨੂੰ ਵੀ ਕੱਢ ਦਿਓ।

ਉਨ੍ਹਾਂ ਲੋਕਾਂ ਨੂੰ ਕਿਹਾ ਕਿ ਉਹ ਇਸ ਵਾਰ ਹਰਸਿਮਰਤ ਬਾਦਲ ਦੀ ਜ਼ਮਾਨਤ ਜ਼ਬਤ ਕਰਵਾਉਣ ਨੂੰ ਯਕੀਨੀ ਬਣਾਉਣ। ਭਗਵੰਤ ਮਾਨ ਨੇ ਕਿਹਾ ਕਿ ਇਹ ਲੋਕ ਚਾਂਦੀ ਦੇ ਚਮਚੇ ਮੂੰਹ ਵਿੱਚ ਲੈ ਕੇ ਪੈਦਾ ਹੋਏ ਹਨ, ਇਹ ਨਹੀਂ ਜਾਣਦੇ ਕਿ ਗ਼ਰੀਬੀ ਕੀ ਹੁੰਦੀ ਹੈ, ਇਹ ਗ਼ਰੀਬਾਂ ਦੇ ਦੁੱਖ ਦਰਦਾਂ ਨੂੰ ਨਹੀਂ ਜਾਣਦੇ। ਇਹਨਾਂ ਨੇ ਪੰਜਾਬ ਨੂੰ ਦਹਾਕਿਆਂ ਤੱਕ ਲੁੱਟਿਆ, ਪੰਜਾਬੀਆਂ ਦਾ ਖ਼ੂਨ ਚੂਸਿਆ ਅਤੇ ਪਹਾੜਾਂ ਵਿੱਚ ਆਪਣਾ ਸੁਖ-ਵਿਲਾਸ ਬਣਾਇਆ। ਅਸੀਂ ਤੁਹਾਡੇ ਵਰਗੇ ਹਾਂ, ਮੈਂ ਤੁਹਾਡੇ ਵਿੱਚੋਂ ਇੱਕ ਹਾਂ, ਜੇ ਮੈਂ ਤੁਹਾਡੇ ਲੋਕਾਂ ਤੋਂ ਦੋ ਦਿਨ ਵੀ ਦੂਰ ਰਹਾਂ ਤਾਂ ਮੈਨੂੰ ਰਾਤ ਨੂੰ ਨੀਂਦ ਨਹੀਂ ਆਉਂਦੀ। ਉਨ੍ਹਾਂ ਕਿਹਾ ਕਿ ਮੈਂ ਇੱਕ ਆਮ ਪਰਿਵਾਰ ਤੋਂ ਹਾਂ, ਮੈਂ ਵੀ ਪਿੰਡ 'ਚ ਰਹਿੰਦਾ ਹਾਂ, ਇਸ ਲਈ ਮੈਂ ਆਮ ਆਦਮੀ ਦੇ ਦੁੱਖ ਅਤੇ ਚਿੰਤਾਵਾਂ ਨੂੰ ਜਾਣਦਾ ਹਾਂ। ਮੈਂ ਤੁਹਾਡੀ ਚਿੰਤਾਵਾਂ ਅਤੇ ਦੁੱਖਾਂ ਨੂੰ ਖ਼ਤਮ ਕਰਨਾ ਚਾਹੁੰਦਾ ਹੈ।

ਹਰਸਿਮਰਤ ਕੌਰ ਬਾਦਲ 'ਤੇ ਚੁਟਕੀ ਲੈਂਦਿਆਂ ਭਗਵੰਤ ਮਾਨ ਨੇ ਕਿਹਾ ਕਿ ਹੁਣ ਉਨ੍ਹਾਂ ਦੀ ਹਾਰਨ ਦੀ ਵਾਰੀ ਹੈ, ਉਨ੍ਹਾਂ ਦਾ ਬਾਕੀ ਪਰਿਵਾਰ ਪਹਿਲਾਂ ਹੀ ਹਾਰ ਦਾ ਸਵਾਦ ਚੱਖ ਚੁੱਕਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਨੇ ਪੰਜਾਬ ਨੂੰ ਲੁੱਟਿਆ, ਤਿੰਨ ਕਿਸਾਨ ਵਿਰੋਧੀ ਬਿੱਲਾਂ ਦਾ ਸਮਰਥਨ ਕੀਤਾ ਪਰ ਹੁਣ ਚੋਣਾਂ ਦੇ ਸਮੇਂ ਲੋਕਾਂ ਵਿਚਕਾਰ ਜਾ ਕੇ ਉਹ ਝੂਠੇ ਹੰਝੂ ਵਹਾ ਰਹੇ ਹਨ, ਉਨ੍ਹਾਂ ਦੀ ਮਗਰਮੱਛ ਦੇ ਹੰਝੂ ਵਹਾਉਣ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਹੈ। ਮਾਨ ਨੇ ਕਿਹਾ ਕਿ ਉਨ੍ਹਾਂ ਨੂੰ ਕੁਝ ਹਫ਼ਤੇ ਇੰਤਜ਼ਾਰ ਕਰਨਾ ਚਾਹੀਦਾ ਹੈ, ਅਸਲ ਵਿਚ ਉਨ੍ਹਾਂ ਦਾ ਰੋਣ ਦਾ ਕੋਈ ਹੋਰ ਕਾਰਨ ਹੋਵੇਗਾ। ਭਗਵੰਤ ਮਾਨ ਨੇ ਕਿਹਾ ਕਿ ਹਰਸਿਮਰਤ ਕੌਰ ਬਾਦਲ ਸਾਡੀਆਂ ਮਾਵਾਂ-ਭੈਣਾਂ ਨਾਲ ਚੁੰਨੀਆਂ ਬਟਾ ਕੇ ਆਪਣੀ ਗੱਡੀ ਦੀ ਡਿੱਗੀ ਭਰ ਕੇ ਰੱਖ ਦੀ ਹੈ ਪਰੰਤੂ ਬੀਬਾ ਕਦੇ ਖ਼ੁਦ ਬਟਾਈ ਹੋਈ ਚੁੰਨੀ ਨਹੀਂ ਲੈਂਦੀ ਅਤੇ ਬਠਿੰਡੇ ਦੀਆਂ ਮਾਵਾਂ-ਭੈਣਾਂ ਨੂੰ ਬੁੱਧੂ ਬਣਾਉਂਦੀ ਹੈ। ਮਾਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਲੁਟੇਰਿਆਂ ਵਿਰੁੱਧ ਇੱਕਜੁੱਟ ਹੋ ਕੇ ਇਸ ਵਾਰ 'ਆਪ' ਨੂੰ 13-0 ਨਾਲ ਜਿਤਾਓ। ਉਨ੍ਹਾਂ ਕਿਹਾ ਕਿ ਉਹ 13 ਗੁਣਾ ਵੱਧ ਤਾਕਤ ਨਾਲ ਪੰਜਾਬ ਨੂੰ ਮੁੜ ਤੋਂ 'ਸੋਨੇ ਦੀ ਚਿੜੀ' ਬਣਾ ਦੇਣਗੇ।

ਭਗਵੰਤ ਮਾਨ ਨੇ ਕਿਹਾ ਕਿ ਪ੍ਰਮਾਤਮਾ ਨੇ ਉਨ੍ਹਾਂ ਨੂੰ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਹੈ। ਮੈਂ 43,000 ਸਰਕਾਰੀ ਨੌਕਰੀਆਂ ਦਿੱਤੀਆਂ, ਬਿਜਲੀ ਮੁਫ਼ਤ ਕੀਤੀ।

# ਖੰਨਾ ਪੁਲਿਸ ਨੇ ਲੁੱਟਾਂ ਖੋਹਾਂ ਕਰਨ ਵਾਲੇ ਗਿਰੋਹ ਦਾ ਕੀਤਾ ਪਰਦਾਫਾਸ਼,ਜੋ ਪੁਲਿਸ ਦੀ ਵਰਦੀ ਪਾ ਕੇ ਵਾਰਦਾਤਾਂ ਨੂੰ ਦਿੰਦੇ ਸੀ ਅੰਜਾਮ

ਮਾਛੀਵਾੜਾ ਸਾਹਿਬ, 11 ਮਈ
-ਕੌਮੀ ਪੱਤ੍ਰਿਕਾ ਬਿਊਰੋ-



ਸ੍ਰੀਮਤੀ ਅਮਨੀਤ ਕੌਂਡਲ IPS, ਸੀਨੀਅਰ ਪੁਲਿਸ ਕਪਤਾਨ, ਖੰਨਾ ਦੀ ਰਹਿਨੁਮਾਈ ਹੇਠ ਸ੍ਰੀ ਸੌਰਵ ਜਿੰਦਲ PPS, ਕਪਤਾਨ ਪੁਲਿਸ (ਆਈ) ਖੰਨਾ ਦੇ ਦਿਸ਼ਾ ਨਿਰਦੇਸ਼ ਅਨੁਸਾਰ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ । ਇਸ ਮੁਹਿੰਮ ਅਧੀਨ ਸ੍ਰੀ ਤਰਲੋਚਨ ਸਿੰਘ ਉਪ ਕਪਤਾਨ ਪੁਲਿਸ ਸਮਰਾਲਾ, ਇੰਸਪੈਕਟਰ ਭਿੰਦਰ ਸਿੰਘ ਮੁੱਖ ਅਫਸਰ ਥਾਣਾ ਮਾਛੀਵਾੜਾ ਸਮੇਤ ਪੁਲਿਸ ਪਾਰਟੀ ਨੇ ਉਕਤ ਮੁਕੱਦਮੇ ਵਿੱਚ 05 ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ 03 ਗੱਡੀਆਂ, 15 ਗ੍ਰਾਮ ਸੋਨਾ, 06 ਮੋਬਾਇਲ ਫੋਨ ਅਤੇ ਵਾਰਦਾਤਾਂ ਨੂੰ ਅੰਜਾਮ ਦੇਣ ਲਈ ਵਰਤੇ ਗਏ ਹਥਿਆਰ ਬ੍ਰਾਮਦ ਕੀਤੇ ਗਏ। ਮਿਤੀ 05.05.2024 ਨੂੰ ਪਵਨਦੀਪ ਸਿੰਘ ਪੁੱਤਰ ਸੁਖਰਾਮ ਸਿੰਘ ਵਾਸੀ ਪਿੰਡ ਬੀਜਾ, ਥਾਣਾ ਸਦਰ ਖੰਨਾ, ਜਿਲ੍ਹਾ ਲੁਧਿਆਣਾ ਨੇ ਪੁਲਿਸ ਪਾਰਟੀ ਨੂੰ ਸੂਚਨਾ ਦਿੱਤੀ ਕਿ ਮਿਤੀ 01.05.2024 ਨੂੰ ਸਵੇਰੇ 02:30 ਏ.ਐਮ. ਤੇ ਪਿੰਡ ਝੜੌਦੀ ਕੋਲ਼ ਗੁਰਿੰਦਰ ਸਿੰਘ ਉਰਫ ਗੁਰੂ ਪੁੱਤਰ ਦਲਜੀਤ ਸਿੰਘ ਵਾਸੀ ਪਿੰਡ ਭੱਟੀਆਂ, ਥਾਣਾ ਮਾਛੀਵਾੜਾ ਸਾਹਿਬ, ਜਿਲ੍ਹਾ ਲੁਧਿਆਣਾ, ਅਕਾਸ਼ਦੀਪ ਸਿੰਘ ਆਸ਼ੂ ਪੁੱਤਰ ਜਸ਼ਨਦੀਪ ਸਿੰਘ ਵਾਸੀ ਸਾਹਮਣੇ ਮਲਿਕ ਟੈਲੀਕਾਮ ਨੇੜੇ ਦਸ਼ਹੂਰਾ ਗਰਾਉਂਡ ਰੋਪੜ ਰੋਡ ਮਾਛੀਵਾੜਾ ਸਾਹਿਬ, ਅਮਰਪ੍ਰੀਤ ਸਿੰਘ ਉਰਫ ਐਮੀ ਪੁੱਤਰ ਅਮਰਦੀਪ ਸਿੰਘ ਵਾਸੀ ਦਸ਼ਮੇਸ਼ ਨਗਰ ਮਾਛੀਵਾੜਾ ਸਾਹਿਬ, ਹਰਦੀਪ ਸਿੰਘ ਉਰਫ ਲੱਕੀ ਪੁੱਤਰ ਮਹਿੰਦਰ ਸਿੰਘ ਵਾਸੀ ਖੁੱਲਰਾ ਮੁਹੱਲਾ ਨੇੜੇ ਨੌਗਜਾ ਪੀਰ ਮਾਛੀਵਾੜਾ ਸਾਹਿਬ ਥਾਣਾ ਮਾਛੀਵਾੜਾ ਸਾਹਿਬ ਜਿਲ੍ਹਾ ਲੁਧਿਆਣਾ ਨੇ ਉਸਦੀ ਕੁੱਟਮਾਰ ਕੀਤੀ ਅਤੇ ਉਸ ਪਾਸੋਂ 02 ਮੋਬਾਇਲ ਫੋਨ, ਪੈਨ ਕਾਰਡ, ਪਰਸ, 310/- ਰੁਪਏ ਅਤੇ 8463 ਬੈਂਕ ਦਾ ਡੈਬਿਟ ਕਾਰਡ ਖੋਹ ਕੇ ਫਰਾਰ ਹੋ ਗਏ। ਜੋ ਬਰੀਜਾ ਕਾਰ ♦2-10-5-7411 × ਅਤੇ ਵਰਨਾ ਕਾਰ ਨੰਬਰ 2 10-5©-3311 ਪਰ ਜਾਅਲੀ ਨੰਬਰ ਲਗਾ ਕੇ ਵਾਰਦਾਤਾਂ ਨੂੰ ਅੰਜਾਮ ਦਿੰਦੇ ਹਨ। ਮਾਛੀਵਾੜਾ ਸਾਹਿਬ ਵਿਖੇ ਦਰਜ ਰਜਿਸਟਰ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ। ਮੁਕੱਦਮਾ ਉਕਤ ਦੀ ਤਫਤੀਸ਼ ਡੂੰਘਾਈ ਅਤੇ ਟੈਕਨੀਕਲ ਤਰੀਕੇ ਨਾਲ ਅਮਲ ਵਿੱਚ ਲਿਆਉਂਦੇ ਹੋਏ ਮਿਤੀ 05.05.2024 ਨੂੰ ਗੁਰਿੰਦਰ ਸਿੰਘ ਉਰਫ ਗੁਰੂ, ਅਕਾਸ਼ਦੀਪ ਸਿੰਘ ਉਰਫ ਆਸੂ, ਅਮਰਪ੍ਰੀਤ ਸਿੰਘ ਉਰਫ ਐਮੀ ਨੂੰ ਗ੍ਰਿਫਤਾਰ ਕੀਤਾ ਗਿਆ। ਇਹਨਾਂ ਵਿਅਕਤੀਆਂ ਕੋਲੋਂ ਵੱਖ-ਵੱਖ ਵਾਰਾਦਾਤਾਂ ਵਿੱਚ ਖੋਹ ਕੀਤੇ 03 ਮੋਬਾਇਲ ਫੋਨ ਬ੍ਰਾਮਦ ਕੀਤੇ ਗਏ। ਇਹਨਾਂ ਦੀ ਬਰੀਜਾ ਕਾਰ ਦੇ ਵਿੱਚੋਂ ਪੰਜਾਬ ਪੁਲਿਸ ਦੀ ਵਰਦੀ ਦੀਆਂ ਜਾਅਲੀ ਕਮੀਜਾਂ,
ਜਾਅਲੀ ਨੰਬਰ ਪਲੇਟਾਂ, ਕਿਰਪਾਨ ਅਤੇ ਕਿਰਚ ਲੋਹਾ ਬ੍ਰਾਮਦ ਕੀਤੇ ਗਏ।
ਦੋਸ਼ੀਆਂ ਦੀ ਡੂੰਘਾਈ ਨਾਲ ਕੀਤੀ ਗਈ ਪੁੱਛਗਿੱਛ ਤੋਂ ਇਹ ਗੱਲ ਸਾਹਮਣੇ ਆਈ ਕਿ ਇਹ
ਵਿਅਕਤੀ ਖੋਹ ਕੀਤੇ ਮੋਬਾਇਲ ਫੋਨ ਹਰਦੀਪ ਸਿੰਘ ਉਰਫ ਗੁੱਲੂ ਪੁੱਤਰ ਜਸਪਾਲ ਸਿੰਘ ਵਾਸੀ ਖੁੱਲਰਾ ਮੁਹੱਲਾ, ਨੇੜੇ ਨੌਗਜਾਪੀਰ, ਮਾਛੀਵਾੜਾ ਸਾਹਿਬ, ਥਾਣਾ ਮਾਛੀਵਾੜਾ ਸਾਹਿਬ ਨੂੰ ਵੇਚਦੇ ਸਨ, ਜਿਸਦੇ ਬਦਲੇ ਹਰਦੀਪ ਸਿੰਘ ਉਰਫ ਗੁੱਲੂ ਇਹਨਾਂ ਨੂੰ ਨਸ਼ਾ ਦਿੰਦਾ ਸੀ। ਜਿਸਤੇ ਹਰਦੀਪ ਸਿੰਘ ਉਕਤ ਨੂੰ ਮੁਕੱਦਮਾ ਉਕਤ ਵਿੱਚ ਨਾਮਜਦ ਕਰਕੇ ਅਤੇ ਮਿਤੀ 05.05.2024 ਨੂੰ ਗ੍ਰਿਫਤਾਰ ਕੀਤਾ ਗਿਆ। ਜਿਸ ਪਾਸੋਂ 02 ਮੋਬਾਇਲ ਫੋਨ ਬ੍ਰਾਮਦ ਕੀਤੇ ਗਏ। ਦੌਰਾਨੇ ਤਫਤੀਸ਼ ਦੋਸ਼ੀ ਹਰਦੀਪ ਸਿੰਘ ਉਰਫ ਲੱਕੀ ਨੂੰ ਗ੍ਰਿਫਤਾਰ ਕੀਤਾ ਗਿਆ ਜਿਸ ਪਾਸੋਂ 01 ਮੋਬਾਇਲ ਫੋਨ ਬ੍ਰਾਮਦ ਕੀਤਾ ਗਿਆ। ਉਪਰੋਕਤ ਦੋਸ਼ੀ ਪਿਛਲੇ 2-3 ਮਹੀਨਿਆਂ ਤੋਂ ਸਮਰਾਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਲਈ ਸਰਗਰਮ ਸਨ, ਜੋ ਰਾਤ ਸਮੇਂ ਪੁਲਸ ਦੀ ਵਰਦੀ ਪਾ ਕੇ ਕਾਰਾਂ ਤੇ ਜਾਅਲੀ ਨੰਬਰ ਪਲੇਟਾਂ ਲਗਾ ਕੇ ਲੋਕਾਂ ਤੋਂ ਮੋਬਾਇਲ ਅਤੇ ਨਕਦੀ ਖੋਹ ਕਰਦੇ ਸਨ। ਹੁਣ ਤੱਕ, ਇਨ੍ਹਾਂ ਨੇ ਸਮਰਾਲਾ ਅਤੇ ਮਾਛੀਵਾੜਾ ਦੇ ਏਰੀਆ ਵਿੱਚ ਕੁੱਲ 09 ਅਤੇ ਲੁਧਿਆਣਾ ਕਮਿਸ਼ਨਰੇਟ ਦੇ ਏਰੀਆ ਵਿੱਚ ਕੁੱਲ 02 ਵਾਰਦਾਤਾਂ ਕਰਨ ਬਾਰੇ ਮੰਨਿਆ ਹੈ। ਇਹਨਾਂ ਦੋਸ਼ੀਆਂ ਦੀ ਪੁੱਛਗਿਛ ਤੋਂ ਮੁਕੱਦਮਾ ਨੰਬਰ 72 ਮਿਤੀ 02.04.2024 ਅ/ਧ 379-ਬੀ ਥਾਣਾ ਸਮਰਾਲਾ ਟਰੇਸ ਹੋਇਆ ਹੈ। ਖੰਨਾ ਪੁਲਿਸ ਵੱਲੋਂ ਇਹਨਾਂ ਨੂੰ ਕਾਬੂ ਕਰਨ ਕਰਕੇ ਹੋਰ ਕਈ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਹੋਣੋਂ ਬਚ ਗਈਆਂ ਹਨ।

# ਇੰਟਰਨੈਸ਼ਨਲ ਪੰਥਕ ਦਲ ਵੱਲੋਂ ਆਜ਼ਾਦ ਉਮੀਦਵਾਰ ਬਰਾੜ ਦੀ ਹਮਾਇਤ

ਲੁਧਿਆਣਾ, 11 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਦੀ ਅਗਵਾਈ ਹੇਠਲੇ ਇੰਟਰਨੈਸ਼ਨਲ ਪੰਥਕ ਦਲ ਨੇ ਆਜ਼ਾਦ ਉਮੀਦਵਾਰ ਕਮਲਜੀਤ ਸਿੰਘ ਬਰਾੜ ਦੀ ਹਮਾਇਤ ਦਾ ਐਲਾਨ ਕੀਤਾ ਹੈ। ਨਜ਼ਦੀਕੀ ਪਿੰਡ ਸਿੱਧਵਾਂ ਵਿੱਚ ਹੋਏ ਇਕੱਠ ਦੌਰਾਨ ਭਾਈ ਰੋਡੇ ਨੇ ਕਮਲਜੀਤ ਸਿੰਘ ਬਰਾੜ ਨੂੰ ਸਨਮਾਨਿਤ ਕਰਦਿਆਂ ਪੰਜਾਬ ਪੱਖੀ ਪੰਥਕ ਧਿਰਾਂ ਨੂੰ ਅਪੀਲ ਕੀਤੀ ਕਿ ਉਹ ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਪੰਥਕ ਸੋਚ ਅਤੇ ਪੰਜਾਬ ਦਾ ਦਰਦ ਰੱਖਣ ਵਾਲੇ ਉਮੀਦਵਾਰਾਂ ਦੀ ਮਦਦ ਕਰਨ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ 'ਚ ਪੰਜਾਬ ਪੱਖੀ ਪੰਥਕ ਸੋਚ ਵਾਲੇ ਉਮੀਦਵਾਰਾਂ ਦੀ ਜਿੱਤ ਨਾਲ ਪੰਜਾਬ ਅਤੇ ਖਾਸ ਕਰਕੇ ਪੰਥਕ ਮਸਲਿਆਂ ਦੀ ਹੱਲ ਲਈ ਰਾਹ ਪੱਧਰਾ ਹੋਵੇਗਾ। ਅੱਜ ਤਕ ਸੰਸਦ 'ਚ ਪੰਜਾਬ ਦੇ ਮਸਲਿਆਂ ਬਾਰੇ ਕਿਸੇ ਵੀ ਪਾਰਟੀ ਨੇ ਖੁੱਲ੍ਹ ਕੇ ਗੱਲ ਨਹੀਂ ਕੀਤੀ ਜਿਸ ਕਾਰਨ ਪੰਜਾਬ ਅਤੇ ਪੰਥ ਦੇ ਮਸਲੇ ਲਮਕ ਰਹੇ ਹਨ। ਇਸ ਮੌਕੇ ਕਮਲਜੀਤ ਸਿੰਘ ਬਰਾੜ ਨੇ ਭਾਈ ਰੋਡੇ ਅਤੇ ਸਾਥੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਲਈ ਇਹ ਮਾਣ ਵਾਲੀ ਗੱਲ ਹੈ

# .ਫਰਿਸ਼ਤਿਆਂ ਦਾ ਸਨਮਾਨ, ਡੀ ਬੀ ਜੀ ਪਟਿਆਲਾ ਦੇ ਕਾਰਜ਼ ਮਹਾਨ : ਸੰਜੀਵ ਸ਼ਰਮਾ, ਕਰਨੈਲ ਸਿੰਘ

ਪਟਿਆਲਾ, 11 ਮਈ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-




ਸੜਕਾਂ, ਘਰਾਂ, ਮਹੱਲਿਆ ਅਤੇ ਕੰਮ ਵਾਲੀਆਂ ਥਾਵਾਂ ਤੇ ਹਾਦਸਿਆਂ, ਦਿਲ ਦੇ ਦੌਰਿਆ, ਗੈਸਾਂ, ਧੂੰਏਂ, ਆਫਤਾਵਾਂ, ਦੁਰਘਟਨਾਵਾਂ, ਆਦਿ ਕਾਰਨ ਬੇਮੌਤ ਮਰ ਰਹੇ ਇਨਸਾਨਾਂ ਨੂੰ ਬਚਾਉਣ ਵਾਲੇ, ਪੰਜਾਬ ਦੀ ਪਵਿੱਤਰ ਧਰਤੀ ਤੇ ਭਾਈ ਘਨ੍ਹਈਆ ਜੀ ਵਾਂਗ, ਵਿਦਿਆਰਥੀ, ਅਧਿਆਪਕ, ਪੁਲਿਸ, ਐਨ ਸੀ ਸੀ ਜਵਾਨ , ਐਨ ਡੀ ਆਰ ਐਫ, ਨਰਸਾਂ, ਫ਼ਸਟ ਏਡ ਸਿੱਖਿਅਤ ਇਨਸਾਨ ਅਤੇ ਰੈੱਡ ਕਰਾਸ ਵਰਕਰ ਪ੍ਰਸ਼ੰਸਾਯੋਗ ਉਪਰਾਲੇ ਕਰ ਰਹੇ ਹਨ ਅਤੇ ਉਨ੍ਹਾਂ ਮਹਾਨ ਫ਼ਰਿਸ਼ਤਿਆਂ ਨੂੰ ਸਨਮਾਨਿਤ, ਉਤਸ਼ਾਹਿਤ ਅਤੇ ਪਬਲਿਕ ਨੂੰ ਜਾਗਰੂਕ ਕਰਨ ਲਈ ਡੈਡੀਕੇਟਿਡ ਬ੍ਰਦਰਜ਼ ਗਰੁੱਪ ਪੰਜਾਬ ਪਟਿਆਲਾ ਵਲੋਂ ਹਰ ਮਹੀਨੇ ਬਿਨਾਂ ਇਨਕੁਆਰੀ ਦੇ ਸਨਮਾਨ ਕਰਨਾ, ਭਾਰਤ ਅਤੇ ਸੰਸਾਰ ਵਿੱਚ ਮਹਾਨ ਮਾਨਵਤਾਵਾਦੀ ਕ੍ਰਾਂਤੀਕਾਰੀ ਕਾਰਜ਼ ਹਨ, ਇਹ ਵਿਚਾਰ ਜ਼ਿਲਾ ਸਿੱਖਿਆ ਅਫਸਰ ਸੈਕੰਡਰੀ ਪਟਿਆਲਾ ਸ਼੍ਰੀ ਸੰਜੀਵ ਸ਼ਰਮਾ ਜੀ, ਡੀ. ਐਸ. ਪੀ. ਟ੍ਰੈਫਿਕ ਸਰਦਾਰ ਕਰਨੈਲ ਸਿੰਘ ਜੀ ਅਤੇ ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸ਼੍ਰੀ ਰਾਵਿੰਦਰਪਾਲ ਸਿੰਘ ਨੇ ਐਸ ਐਸ ਐਫ, ਪੰਜਾਬ ਪੁਲਿਸ, ਸਕੂਲਾਂ ਦੇ ਐਨ ਸੀ ਸੀ ਅਧਿਕਾਰੀਆਂ, ਫਾਇਰ ਬ੍ਰਿਗੇਡ ਪੰਜਾਬ ਹੋਮ ਗਾਰਡ, ਸਿਵਲ ਡਿਫੈਂਸ, ਤੋਂ ਇਲਾਵਾ ਵਿਦਿਆਰਥੀਆਂ, ਅਧਿਆਪਕਾਂ ਅਤੇ ਪ੍ਰਿੰਸੀਪਲਾਂ ਨੂੰ ਸਨਮਾਨਿਤ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਮਿਸ਼ਨ ਨੂੰ ਸਮਰਪਿਤ ਡੀ. ਬੀ. ਜੀ. ਸੰਸਥਾ ਵਲੋਂ ਕੀਮਤੀ ਜਾਨਾਂ ਬਚਾਉਣ ਵਾਲੇ ਫ਼ਰਿਸ਼ਤਿਆਂ ਨੂੰ ਸਨਮਾਨਿਤ ਕਰਨਾ, ਸਰਵੋਤਮ ਪ੍ਰਉਪਕਾਰੀ ਕਾਰਜ਼ ਅਤੇ ਉਤਸ਼ਾਹਿਤ ਭਵਿੱਖ ਲਈ ਲਾਭਦਾਇਕ ਹਨ। ਡੀ ਐਸ ਪੀ ਕਰਨੈਲ ਸਿੰਘ ਨੇ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਪੰਜਾਬ ਵਿੱਚ ਐਸ ਐਸ ਐਫ ਤੋਂ ਇਲਾਵਾ ਪੰਜਾਬ ਪੁਲਿਸ , ਟਰੇਫਿਕ ਪੁਲਿਸ, ਪੀ ਸੀ ਆਰ ਕਰਮਚਾਰੀ, 108 ਨੰਬਰ ਐਂਬੂਲੈਂਸ ਕਰਮਚਾਰੀ, ਪਬਲਿਕ ਅਤੇ ਵਿਦਿਆਰਥੀਆਂ ਨੂੰ ਵੀ ਸਨਮਾਨਿਤ ਕੀਤਾ ਜਾਵੇ। ਜ਼ਿਲਾ ਸਿੱਖਿਆ ਅਫਸਰ ਸੈਕੰਡਰੀ ਸੰਜੀਵ ਸ਼ਰਮਾ ਜੀ ਅਤੇ ਡਿਪਟੀ ਡੀ ਈ ਓ, ਰਾਵਿੰਦਰਪਾਲ ਸਿੰਘ ਨੇ ਕਿਹਾ ਕਿ ਡਾਕਟਰ ਰਾਕੇਸ਼ ਵਰਮੀ, ਹਰਪ੍ਰੀਤ ਸਿੰਘ ਸੰਧੂ, ਸਾਰੇ ਮੈਂਬਰ ਅਤੇ ਫ਼ਸਟ ਏਡ ਸੀ ਪੀ ਆਰ ਟ੍ਰੇਨਰ ਸ੍ਰੀ ਕਾਕਾ ਰਾਮ ਵਰਮਾ ਜੀ ਮਾਨਵਤਾ ਨੂੰ ਬਚਾਉਣ ਅਤੇ ਵਿਦਿਆਰਥੀਆਂ ਨੂੰ ਸਿਹਤ, ਤਦੰਰੁਸਤੀ, ਸੁਰੱਖਿਆ, ਸਨਮਾਨ, ਉੱਨਤੀ, ਖੁਸ਼ਹਾਲੀ ਲਈ ਜਾਗਰੂਕ ਕਰਕੇ ਬਹੁਤ ਵਧੀਆ ਪ੍ਰਉਪਕਾਰੀ ਕਾਰਜ ਕਰ ਰਹੇ ਹਨ। ਉਨ੍ਹਾਂ ਵਲੋਂ ਸਕੂਲਾਂ ਦੇ ਮੁੱਖੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਹਨ, ਕਿ ਉਹ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ, ਅਤੇ ਆਪਣੇ ਵਿਦਿਆਰਥੀਆਂ ਅਧਿਆਪਕਾਂ ਦੀ ਸੁਰੱਖਿਆ ਬਚਾਉ ਮਦਦ ਲਈ ਡੀ ਬੀ ਜੀ ਰਾਹੀਂ ਆਪਣੇ ਵਿਦਿਆਰਥੀਆਂ, ਅਧਿਆਪਕਾਂ, ਅਤੇ ਉਨ੍ਹਾਂ ਰਾਹੀਂ ਮਾਪਿਆਂ ਨੂੰ ਪੀੜਤਾਂ ਦੇ ਮਦਦਗਾਰ ਫਰਿਸਤੇ ਬਣਾਉਣ ਲਈ ਫ਼ਸਟ ਏਡ, ਸੀ ਪੀ ਆਰ, ਜ਼ਖਮੀਆਂ ਦੀ ਸੇਵਾ ਸੰਭਾਲ, ਫਾਇਰ ਸੇਫਟੀ ਆਵਾਜਾਈ ਨਿਯਮਾਂ ਕਾਨੂੰਨਾਂ ਦੀ ਟ੍ਰੇਨਿੰਗ ਕਰਵਾਉਣ। ਡਾਕਟਰ ਰਾਕੇਸ਼ ਵਰਮੀ ਪ੍ਰਧਾਨ ਅਤੇ ਹਰਪ੍ਰੀਤ ਸਿੰਘ ਸੰਧੂ ਸਕੱਤਰ ਨੇ ਡੈਡੀਕੇਟਿਡ ਬ੍ਰਦਰਜ਼ ਗਰੁੱਪ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਰੂਰਤਮੰਦ ਬੱਚਿਆਂ ਦੀ ਪੜ੍ਹਾਈ ਦਾ ਖਰਚਾ, ਹਾਦਸਿਆਂ ਕਾਰਨ ਜ਼ਖ਼ਮੀ ਹੋਏ ਲੋਕਾਂ ਨੂੰ ਖ਼ੂਨ, ਵਿਦਿਆਰਥੀਆਂ ਨੂੰ ਮੁਫ਼ਤ ਕੰਪਿਊਟਰ ਸਿਖਲਾਈ, ਮੁਫ਼ਤ ਮੈਡੀਕਲ ਅਤੇ ਜਾਂਚ ਕੈਂਪ, ਅਤੇ ਡਿਸਪੈਂਸਰੀਆਂ, ਐਂਬੂਲੈਂਸਾਂ ਅਤੇ ਕੁਝ ਹੋਰ ਮਾਨਵਤਾਵਾਦੀ ਕਾਰਜ ਚਲਾਏ ਜਾ ਰਹੇ ਹਨ।

# ਐਨ ਕੇ ਸ਼ਰਮਾ ਦੇ ਮੁੱਖ ਚੋਣ ਦਫਤਰ ਦੇ ਉਦਘਾਟਨ ਮੌਕੇ ਉਮੜਿਆ ਜਨ ਸੈਲਾਬ

## ਚੋਣ ਮੁਹਿੰਮ ਨੂੰ ਲੋਕਾਂ ਵੱਲੋਂ ਦਿੱਤੇ ਜਾ ਰਹੇ ਭਰਵੇਂ ਹੁੰਗਾਰੇ ਤੋਂ ਸਪਸ਼ਟ ਹੋ ਗਿਆ ਕਿ ਅਕਾਲੀ ਦਲ ਦੀ ਜਿੱਤ ਪੱਕੀ: ਐਨ ਕੇ ਸ਼ਰਮਾ ਸੁਰਜੀਤ ਰੱਖੜਾ, ਬੀਬੀ ਮੁਖਮੇਲਪੁਰ,ਚਰਨਜੀਤ ਬਰਾੜ, ਭੁਪਿੰਦਰ ਸ਼ੇਖੂਪੁਰਾ, ਕਬੀਰ ਦਾਸ,ਬਿੱਟੂ ਚੱਠਾ, ਮੱਖਣ ਲਾਲਕਾ, ਸੁਰਜੀਤ ਸਿੰਘ ਗੜ੍ਹੀ ਸਮੇਤ ਉਦਘਾਟਨ ਮੌਕੇ ਵੱਡੇ ਆਗੂ ਪਹੁੰਚੇ

ਪਟਿਆਲਾ, 11 ਮਈ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-



ਸ਼੍ਰੋਮਣੀ ਅਕਾਲੀ ਦਲ ਦੇ ਪਟਿਆਲਾ ਪਾਰਲੀਮਾਨੀ ਹਲਕੇ ਤੋਂ ਉਮੀਦਵਾਰ ਐਨ ਕੇ ਸ਼ਰਮਾ ਦੇ ਮੁੱਖ ਚੋਣ ਦਫਤਰ ਦਾ ਉਦਘਾਟਨ ਅੱਜ ਕੇਂਦਰੀ ਜੇਲ੍ਹ ਰੋਡ ਪਟਿਆਲਾ 'ਤੇ ਹੋਟਲ ਸ਼ੌਰਿਆ ਦੇ ਨੇੜੇ ਕੀਤਾ ਗਿਆ।
ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ, ਉਪਰੰਤ ਇਲਾਹੀ ਬਾਣੀ ਦਾ ਰਸਭਿੰਨਾ ਕੀਰਤਨ ਹੋਇਆ ਤੇ ਫਿਰ ਅਰਦਾਸ ਕਰ ਕੇ ਦਫਤਰ ਦਾ ਉਦਘਾਟਨ ਕੀਤਾ ਗਿਆ।
ਇਸ ਮੌਕੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ, ਸਾਬਕਾ ਐਮ ਐਲ ਏ ਹਰਪ੍ਰੀਤ ਕੌਰ ਮੁਖਮੇਲਪੁਰ, ਚਰਨਜੀਤ ਸਿੰਘ ਬਰਾੜ, ਜਸਪਾਲ ਸਿੰਘ ਬਿੱਟੂ ਚੱਠਾ, ਅਮਰਿੰਦਰ ਸਿੰਘ ਬਜਾਜ, ਇੰਦਰਮੋਹਨ ਸਿੰਘ ਬਜਾਜ, ਕਬੀਰ ਦਾਸ, ਭੁਪਿੰਦਰ ਸ਼ੇਖੂਪੁਰਾ, ਸ਼੍ਰੋਮਣੀ ਕਮੇਟੀ ਮੈਂਬਰ ਸੁਰਜੀਤ ਸਿੰਘ ਗੜ੍ਹੀ, ਜ਼ਿਲ੍ਹਾ ਪ੍ਰਧਾਨ ਜਰਨੈਲ ਸਿੰਘ ਕਰਤਾਰਪੁਰ ਸਮੇਤ ਹੋਰ ਸੀਨੀਅਰ ਲੀਡਰਸ਼ਿਪ ਤੇ ਵੱਡੀ ਗਿਣਤੀ ਵਿਚ ਪਾਰਟੀ ਵਰਕਰ ਹਾਜ਼ਰ ਸਨ।
ਇਸ ਮੌਕੇ ਸੰਬੋਧਨ ਕਰਦਿਆਂ ਐਨ ਕੇ ਸ਼ਰਮਾ ਨੇ ਕਿਹਾ ਕਿ ਜਿਸ ਤਰੀਕੇ ਦਾ ਹੁੰਗਾਰਾ ਚੋਣ ਮੁਹਿੰਮ ਵਾਸਤੇ ਲੋਕਾਂ ਵੱਲੋਂ ਦਿੱਤਾ ਜਾ ਰਿਹਾ ਹੈ, ਉਸ ਤੋਂ ਸਪਸ਼ਟ ਹੋ ਗਿਆ ਹੈ ਕਿ ਹਲਕੇ ਤੋਂ ਅਕਾਲੀ ਦਲ ਦੀ ਜਿੱਤ ਪੱਕੀ ਹੈ। ਉਹਨਾਂ ਕਿਹਾ ਕਿ ਲੋਕਾਂ ਵਿਚ ਉਹਨਾਂ ਦੀ ਚੋਣ ਮੁਹਿੰਮ ਨੂੰ ਲੈ ਕੇ ਬਹੁਤ ਉਤਸ਼ਾਹ ਹੈ ਜਿਸ ਲਈ ਉਹ ਬਹੁਤ ਧੰਨਵਾਦੀ ਹਨ। ਉਹਨਾਂ ਕਿਹਾ ਕਿ ਵੋਟਾਂ ਵਾਲੇ ਦਿਨ ਨੂੰ ਹੁਣ ਸਿਰਫ 20 ਦਿਨਾਂ ਦਾ ਸਮਾਂ ਰਹਿ ਗਿਆ ਹੈ ਜਿਸ ਦੌਰਾਨ 13 ਤਾਰੀਕ ਨੂੰ ਸਮਾਣਾ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਪੰਜਾਬ ਬਚਾਓ ਯਾਤਰਾ ਕੱਢਣਗੇ ਅਤੇ ਇਸ ਮਗਰੋਂ 27 ਮਈ ਨੂੰ ਫਿਰ ਤੋਂ ਸਰਦਾਰ ਬਾਦਲ ਦੇ ਪ੍ਰੋਗਰਾਮ ਹਲਕੇ ਵਿਚ ਰੱਖੇ ਜਾਣਗੇ।
ਉਹਨਾਂ ਨੇ ਸਮੂਹ ਹਲਕਾ ਇੰਚਾਰਜਾਂ, ਆਗੂਆਂ ਤੇ ਵਰਕਰਾਂ ਨੂੰ ਅਪੀਲ ਕੀਤੀ ਕਿ ਹੁਣ ਸਮਾਂ ਇਕੱਲੇ ਇਕੱਲੇ ਘਰ ਤੇ ਇਕੱਲੇ ਇਕੱਲੇ ਵੋਟ ਤੱਕ ਪਹੁੰਚ ਕਰਨ ਦਾ ਹੈ, ਇਸ ਲਈ ਉਹ ਹੁਣ ਤੋਂ ਹੀ ਫੀਲਡ ਵਿਚ ਡੱਟ ਜਾਣ।
ਉਹਨਾਂ ਕਿਹਾ ਕਿ ਇਕ ਪਾਸੇ ਅਕਾਲੀ ਦਲ ਕਿਸਾਨਾਂ ਦੇ ਨਾਲ ਮੋਢੇ ਨਾਲ ਮੋਢਾ ਲਗਾ ਕੇ ਖੜ੍ਹਾ ਹੈ ਤਾਂ ਦੂਜੇ ਪਾਸੇ ਭਾਜਪਾ ਤੇ ਆਪ ਕਿਸਾਨ ਵਿਰੋਧੀ ਸਾਬਤ ਹੋਏ ਹਨ। ਉਹਨਾਂ ਕਿਹਾ ਕਿ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਕਿਸਾਨਾਂ ਨੂੰ ਇਨਸਾਫ ਨਹੀਂ ਦਿੱਤਾ ਜਾ ਰਿਹਾ।
ਉਹਨਾਂ ਕਿਹਾ ਕਿ ਆਪ ਦੇ ਉਮੀਦਵਾਰ ਡਾ. ਬਲਬੀਰ ਸਿੰਘ 24 ਪਿੰਡਾਂ ਦੇ 400 ਕਿਸਾਨ ਪਰਿਵਾਰਾਂ ਨੂੰ ਉਹਨਾਂ ਦੀ ਐਕਵਾਇਰ ਹੋਈ ਜ਼ਮੀਨ ਦਾ ਮੁਆਵਜ਼ਾ ਨਹੀਂ ਦੁਆ ਸਕੇ ਜਿਸ ਕਾਰਨ ਇਹਨਾਂ ਪਿੰਡਾਂ ਵਾਲਿਆਂ ਨੇ ਆਪ ਤੇ ਭਾਜਪਾ ਦੇ ਉਮੀਦਵਾਰਾਂ ਦਾ ਪਿੰਡਾਂ ਵਿਚ ਦਾਖਲਾ ਬੰਦ ਕੀਤਾ ਹੋਇਆ ਹੈ।
ਉਹਨਾਂ ਕਿਹਾ ਕਿ ਇਸੇ ਤਰੀਕੇ ਡਾ. ਗਾਂਧੀ ਨੂੰ ਉਮੀਦਵਾਰ ਬਣਾਉਣ 'ਤੇ ਕਾਂਗਰਸ ਦੇ ਵਰਕਰ ਦੁਖੀ ਹਨ ਤੇ ਉਹਨਾਂ ਵਿਚ ਰੋਸ ਹੈ। ਉਹਨਾਂ ਕਿਹਾ ਕਿ ਹੁਣ ਢੁਕਵਾਂ ਸਮਾਂ ਹੈ ਕਿ ਹਰ ਵਰਗ ਨੂੰ ਅਕਾਲੀ ਦਲ ਦੇ ਨਾਲ ਜੋੜਿਆ ਜਾਵੇ।
ਇਸ ਮੌਕੇ ਸੰਬੋਧਨ ਕਰਦਿਆਂ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਲੋਕਾਂ ਵਿਚ ਭਾਜਪਾ, ਆਪ ਤੇ ਕਾਂਗਰਸ ਤਿੰਨਾਂ ਪਾਰਟੀਆਂ ਦੇ ਉਮੀਦਵਾਰਾਂ ਨੂੰ ਲੈ ਕੇ ਰੋਹ ਹੈ ਤੇ ਲੋਕ ਅਕਾਲੀ ਦਲ ਦੀ ਡਟਵੀਂ ਹਮਾਇਤ ਕਰ ਰਹੇ ਹਨ। ਉਹਨਾਂ ਕਿਹਾ ਕਿ ਪੰਜਾਬ ਵਿਚ ਕਾਂਗਰਸ ਤੇ ਆਪ ਦੇ 7 ਸਾਲਾਂ ਦੇ ਰਾਜ ਵਿਚ ਜਿਥੇ ਪਿੰਡਾਂ ਤੇ ਸ਼ਹਿਰਾਂ ਵਿਚ ਸੜਕਾਂ ਤੇ ਸੀਵਰੇਜ ਸਪਲਾਈ ਦਾ ਬੁਰਾ ਹਾਲ ਹੈ, ਉਥੇ ਹੀ ਸ਼ਗਨ ਸਕੀਮ, ਆਟਾ ਦਾਲ ਸਕੀਮ ਤੇ ਬੁਢਾਪਾ ਪੈਨਸ਼ਨ ਸਮੇਤ ਹੋਰ ਸਮਾਜ ਭਲਾਈ ਲਾਭ ਬੰਦ ਕਰਨ ਕਰਕੇ ਲੋਕਾਂ ਵਿਚ ਬਹੁਤ ਗੁੱਸਾ ਹੈ।
ਇਸ ਸਮਾਗਮ ਨੂੰ ਹੋਰਨਾਂ ਤੋਂ ਇਲਾਵਾ ਬੀਬੀ ਮੁਖਮੇਲਪੁਰ, ਚਰਨਜੀਤ ਸਿੰਘ ਬਰਾੜ, ਕਬੀਰ ਦਾਸ, ਜਸਪਾਲ ਸਿੰਘ ਬਿੱਟੂ ਚੱਠਾ, ਅਮਿਤ ਰਾਠੀ ਸ਼ਹਿਰੀ ਪ੍ਰਧਾਨ ਅਤੇ ਸੁਖਵਿੰਦਰਪਾਲ ਸਿੰਘ ਮਿੰਟਾ, ਅਮਰਿੰਦਰ ਸਿੰਘ ਬਜਾਜ, ਸੁਰਜੀਤ ਸਿੰਘ ਗੜ੍ਹੀ ਆਦਿ ਨੇ ਵੀ ਸੰਬੋਧਨ ਕੀਤਾ। ਸਟੇਜ ਸੰਚਾਲਨ ਮਹਿੰਦਰ ਸਿੰਘ ਸੋਢੀ ਨੇ ਕੀਤਾ।

# ਸਾਹਿਤ ਕਲਸ਼ ਪਟਿਆਲਾ ਵੱਲੋਂ ਅੰਗਦਾਨ ਅਤੇ ਵੋਟਿੰਗ ਸਬੰਧੀ ਕਵੀ ਸੰਮੇਲਨ ਕਰਵਾਇਆ ਗਿਆ

ਪਟਿਆਲਾ, 11 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸਾਹਿਤ ਕਲਸ਼ ਪਰਿਵਾਰ ਦੀ ਮਾਸਿਕ ਇਕੱਤਰਤਾ ਗ੍ਰੀਨਵੈੱਲ ਹਾਈ ਸਕੂਲ ਰਾਘੋ ਮਾਜਰਾ, ਪਟਿਆਲਾ ਦੇ ਵਿਹੜੇ ਵਿੱਚ ਕਰਵਾਈ ਗਈ, ਜਿਸ ਵਿੱਚ ਵੱਖ-ਵੱਖ ਰਾਜਾਂ ਤੋਂ ਆਏ ਚਾਲੀ ਕਵੀਆਂ ਦੀਆਂ ਰਚਨਾਵਾਂ ਨਾਲ ਸਭ ਨੂੰ ਨਿਹਾਲ ਕੀਤਾ। ਮੰਚ ਦੀ ਸ਼ੋਭਾ ਵਧਾਉਣ ਲਈ ਸਤਿਕਾਰਯੋਗ ਦਿਨੇਸ਼ ਸੂਦ, ਡਾ: ਦਰਸ਼ਨ ਸਿੰਘ ਆਸ਼ਟ, ਦਿਨੇਸ਼ ਦੇਵਘਰੀਆ, ਪਵਨ ਗੋਇਲ, ਮੰਜੂ ਮੇਮ, ਡਾ: ਐਸ.ਐਸ. ਰੇਖੀ, ਸਤਿੰਦਰਪਾਲ ਕੌਰ ਵਾਲੀਆ, ਰਾਕੇਸ਼ ਬੈਂਸ ਅਤੇ ਸਾਹਿਤ ਕਲਸ਼ ਪਰਿਵਾਰ ਦੇ ਸੰਸਥਾਪਕ ਸਾਗਰ ਸੂਦ ਮੁੱਖ ਤੌਰ 'ਤੇ ਹਾਜ਼ਰ ਸਨ। ਮੰਚ ਸੰਚਾਲਨ ਮਨੂ ਵੈਸ਼ਿਆ ਨੇ ਕੀਤਾ।ਦਿਨੇਸ਼ ਸੂਦ ਅਤੇ ਰਾਕੇਸ਼ ਬੈਂਸ ਨੇ ਅੰਗਦਾਨ ਸਬੰਧੀ ਸਾਰਿਆਂ ਨੂੰ ਜਾਗਰੂਕ ਕਰਦਿਆਂ ਕਿਹਾ ਕਿ ਸਾਨੂੰ ਮਰਨ ਉਪਰੰਤ ਆਪਣੇ ਅੰਗ ਦਾਨ ਕਰਕੇ ਦੂਜਿਆਂ ਨੂੰ ਜੀਵਨ ਦੇਣਾ ਚਾਹੀਦਾ ਹੈ। ਪਵਨ ਗੋਇਲ ਅਤੇ ਡਾ.ਐਸ.ਐਸ.ਰੇਖੀ ਜੀ ਨੇ ਸਾਰਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਵੋਟ ਦਾ ਸਹੀ ਇਸਤੇਮਾਲ ਕਰਨ।

ਇਹ ਸਾਡਾ ਹੱਕ ਹੈ ਅਤੇ ਦੇਸ਼ ਪ੍ਰਤੀ ਸਾਡਾ ਫਰਜ਼ ਵੀ ਹੈ।ਇਸ ਕਵੀ ਸੰਮੇਲਨ ਵਿਚ ਵਰਿੰਦਰ ਕੌਰ, ਪੁਨੀਤ ਗੋਇਲ, ਬਲਜਿੰਦਰ ਸਰੋਏ, ਸ਼ਰਵਣ ਵਰਮਾ, ਵਿਜੇ ਕੁਮਾਰ, ਸੰਜੇ ਦਰਦੀ ਚੋਪੜਾ, ਪਰਵਿੰਦਰ ਸ਼ੋਖ, ਸਤੀਸ਼ ਬਾਵਾ, ਸਤਨਾਮ ਸਿੰਘ, ਰਣਜੀਤ ਆਜ਼ਾਦ ਕਾਂਝਲਾ, ਜਯਾ ਸੂਦ, ਕੁਲਵਿੰਦਰ ਕੁਮਾਰ, ਡਾ: ਸੀਮਾ ਭਾਟੀਆ, ਡਾ: ਵੰਦਨਾ, ਸਤਨਾਮ ਸਿੰਘ ਮੱਟੂ, ਨਦੀਮ ਖਾਨ, ਵੀਨਾ ਸੂਦ, ਅਲਕਾ ਅਰੋੜਾ, ਸੁਰਜੀਤ ਸਿੰਘ, ਆਰ ਪੀ ਗੁਲਾਟੀ, ਅਨੁਪ੍ਰੀਤ ਭੱਟੀ, ਕੁਲਦੀਪ ਕੌਰ ਧੰਜੂ, ਤੇਜਿੰਦਰ ਅਣਜਾਣਾ, ਸਰਿਤਾ ਨੌਹਰੀਆ, ਦਵਿੰਦਰ ਪਟਿਆਲਵੀ, ਕ੍ਰਿਸ਼ਨ ਲਾਲ ਧੀਮਾਨ, ਰਾਜ ਸੂਦ, ਕ੍ਰਿਸ਼ਨਾ ਸੂਦ, ਪੁਲਕੀਤ ਗੁਪਤਾ, ਜੇ. ਜੀ. ਸ਼ਰਮਾ, ਨਵੀ ਮਿੱਤਲ, ਨਮਨ ਜਿੰਦਲ, ਰਾਜੇਸ਼ ਕੋਟੀਆ, ਪੂਰਨ ਸਵਾਮੀ, ਦਲੀਪ ਸਿੰਘ, ਪ੍ਰਵੀਨ ਵਰਮਾ ਅਤੇ ਭੀਮ ਸੈਨ ਮੌਦਗਿਲ ਨੇ ਆਪਣੀਆਂ ਰਚਨਾਵਾਂ ਨਾਲ ਸਭ ਨੂੰ ਮੋਹ ਲਿਆ।

ਮਨੂ ਵੈਸ਼ਿਆ ਨੇ ਦੱਸਿਆ ਕਿ ਸਾਹਿਤ ਕਲਸ਼ ਵੱਲੋਂ ਜਲਦੀ ਹੀ ਇੱਕ ਨਵਾਂ ਸੀਜ਼ਨ ਸ਼ੁਰੂ ਹੋਣ ਜਾ ਰਿਹਾ ਹੈ ਜਿਸ ਵਿੱਚ ਸਾਹਿਤ ਕਲਸ਼ ਨਾਲ ਜੁੜੇ ਲੇਖਕਾਂ ਦੀਆਂ ਇੰਟਰਵਿਊਆਂ ਅਤੇ ਉਨ੍ਹਾਂ ਦੇ ਸਾਹਿਤਕ ਸਫ਼ਰ ਨੂੰ ਪਾਠਕਾਂ ਤੱਕ ਪਹੁੰਚਾਇਆ ਜਾਵੇਗਾ।



ਪਟਿਆਲਾ ਜ਼ਿਲ੍ਹੇ ਵਿਚ ਜਿਥੇ 10ਵੀਂ ਤੇ 8ਵੀਂ ਦੇ ਵਿਦਿਆਰਥੀਆਂ ਨੇ ਮੱਲ੍ਹਾਂ ਮਾਰੀਆਂ ਹਨ। ਉਥੇ ਹੀ ਸਥਾਨਕ ਇੰਦਰਾ ਮਾਡਲ ਹਾਈ ਸਕੂਲ (ਜਗਦੀਸ਼ ਕਲੋਨੀ) ਦੇ ਵਿਦਿਆਰਥੀਆਂ ਨੇ ਮੱਲ੍ਹਾਂ ਮਾਰੀਆਂ ਹਨ। ਇੰਦਰਾ ਮਾਡਲ ਸਕੂਲ ਦੇ ਅੱਠਵੀਂ ਸ਼੍ਰੇਣੀ ਦੇ ਵਿਦਿਆਰਥੀ ਜਸ਼ਨਪ੍ਰੀਤ ਸਿੰਘ ਨੇ 93% ਅਤੇ ਮਹਿਕ ਨੇ 87% ਨੰਬਰ ਲੈ ਸਕੂਲ ਦਾ ਨਾਮ ਰੌਸ਼ਨ ਕੀਤਾ।
ਫ਼ੋਟੋ ਤੇ ਵੇਰਵਾ : ਅਮਰਜੀਤ ਸਿੰਘ ਲਾਂਬਾ (ਕੌਮੀ ਪੱਤ੍ਰਿਕਾ ਬਿਊਰੋ)

# ਸੁਪਰੀਮ ਕੋਰਟ ਨੇ ਕੇਜਰੀਵਾਲ ਨੂੰ ਪਹਿਲੀ ਜੂਨ ਤੱਕ ਅੰਤਰਿਮ ਜ਼ਮਾਨਤ ਦਿੱਤੀ

## 'ਆਪ' ਨੇ ਕੇਜਰੀਵਾਲ ਦੀ ਅੰਤਰਿਮ ਜ਼ਮਾਨਤ ਦਾ ਕੀਤਾ ਸੁਆਗਤ, ਕਿਹਾ- 'ਸਤਿਆਮੇਵ ਜਯਤੇ'

**ਨਵੀਂ ਦਿੱਲੀ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਮੌਜੂਦਾ ਲੋਕ ਸਭਾ ਚੋਣਾਂ 'ਚ ਪ੍ਰਚਾਰ ਲਈ ਇਕ ਜੂਨ ਤੱਕ ਅੰਤਰਿਮ ਜ਼ਮਾਨਤ ਦੇ ਦਿੱਤੀ। ਜੱਜ ਸੰਜੀਵ ਖੰਨਾ ਅਤੇ ਜੱਜ ਦੀਪਾਂਕਰ ਦੱਤਾ ਦੀ ਬੈਂਚ ਨੇ ਕਿਹਾ ਕਿ ਆਬਕਾਰੀ ਨੀਤੀ ਘਪਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਗ੍ਰਿਫ਼ਤਾਰ ਕੇਜਰੀਵਾਲ ਨੂੰ 2 ਜੂਨ ਨੂੰ ਆਤਮਸਮਰਪਣ ਕਰਨਾ ਹੋਵੇਗਾ ਅਤੇ ਵਾਪਸ ਜੇਲ੍ਹ ਜਾਣਾ ਹੋਵੇਗਾ। ਬੈਂਚ ਨੇ ਕੇਜਰੀਵਾਲ ਵਲੋਂ ਪੇਸ਼ ਸੀਨੀਅਰ ਵਕੀਲ ਅਭਿਸ਼ੇਕ ਸਿੰਘਵੀ ਨੇ ਅਪੀਲ ਕੀਤੀ ਸੀ ਕਿ 4 ਜੂਨ ਨੂੰ ਵੋਟਾਂ ਦੀ ਗਿਣਤੀ ਦੇ ਇਕ ਦਿਨ ਬਾਅਦ 5 ਜੂਨ ਤੱਕ ਅੰਤਰਿਮ ਜ਼ਮਾਨਤ ਦਿੱਤੀ ਜਾਵੇ, ਜਿਸ ਨੂੰ ਬੈਂਚ ਨੇ ਅਸਵੀਕਾਰ ਕਰ ਦਿੱਤਾ। ਉੱਥੇ ਹੀ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਚੋਣ ਪ੍ਰਚਾਰ ਦੇ ਆਧਾਰ 'ਤੇ ਕੇਜਰੀਵਾਲ



ਨੂੰ ਅੰਤਰਿਮ ਜ਼ਮਾਨਤ ਦਿੱਤੇ ਜਾਣ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਅਜਿਹਾ ਕੋਈ ਉਦਾਹਰਣ ਨਹੀਂ ਹੈ। ਕੋਰਟ ਨੇ ਈ.ਡੀ. ਨੂੰ ਕਿਹਾ ਕਿ ਕੇਜਰੀਵਾਲ ਨੂੰ 21 ਦਿਨ ਲਈ ਅੰਤਰਿਮ ਜ਼ਮਾਨਤ ਦੇਣ ਨਾਲ ਕੋਈ ਖ਼ਾਸ ਫ਼ਰਕ ਨਹੀਂ ਪਵੇਗਾ। ਸੁਪਰੀਮ ਕੋਰਟ ਇਸ ਮਾਮਲੇ 'ਚ ਉਨ੍ਹਾਂ ਦੀ ਗ੍ਰਿਫ਼ਤਾਰੀ ਨੂੰ ਬਰਕਰਾਰ ਰੱਖਣ ਦੇ ਦਿੱਲੀ ਹਾਈ ਕੋਰਟ ਦੇ ਪਿਛਲੇ ਮਹੀਨੇ ਦੇ ਫ਼ੈਸਲੇ ਨੂੰ ਚੁਣੌਤੀ ਦੇਣ ਵਾਲੀ ਕੇਜਰੀਵਾਲ ਦੀ ਪਟੀਸ਼ਨ 'ਤੇ ਸੁਣਵਾਈ



ਕਰ ਰਹੀ ਹੈ। ਇਹ ਮਾਮਲਾ ਦਿੱਲੀ ਸਰਕਾਰ ਦੀ ਹੁਣ ਖ਼ਤਮ ਹੋ ਚੁੱਕੀ ਆਬਕਾਰੀ ਨੀਤੀ ਦੇ ਨਿਰਮਾਣ ਅਤੇ ਲਾਗੂ ਕਰਨ 'ਚ ਭ੍ਰਿਸ਼ਟਾਚਾਰ ਅਤੇ ਮਨੀ ਲਾਂਡਰਿੰਗ ਨਾਲ ਸੰਬੰਧਤ ਹੈ।

ਆਮ ਆਦਮੀ ਪਾਰਟੀ ਦੇ ਦਫ਼ਤਰ 'ਚ ਜਸ਼ਨ ਦਾ ਮਾਹੌਲ ਹੈ। ਸੁਪਰੀਮ ਕੋਰਟ ਵਲੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਇਕ ਜੂਨ ਤੱਕ ਅੰਤਰਿਮ ਜ਼ਮਾਨਤ ਦਿੱਤੇ ਜਾਣ ਤੋਂ ਬਾਅਦ ਵਰਕਰਾਂ ਨੇ ਡਾਂਸ ਕੀਤਾ ਅਤੇ ਨਾਅਰੇ ਲਗਾਏ। ਕੇਜਰੀਵਾਲ ਨੂੰ ਅੰਤਰਿਮ ਜ਼ਮਾਨਤ ਮਿਲਣ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾਵਾਂ ਨੇ ਪ੍ਰੈੱਸ ਕਾਨਫਰੰਸ ਕੀਤੀ। ਇਸ ਦੌਰਾਨ ਆਮ ਆਦਮੀ ਪਾਰਟੀ (ਆਪ) ਨੇ ਕਿਹਾ ਕਿ ਸੱਚ ਨੂੰ ਹਰਾਇਆ ਨਹੀਂ ਜਾ ਸਕਦਾ, ਸੁਪਰੀਮ ਕੋਰਟ ਦੇ ਫ਼ੈਸਲੇ ਦਾ ਸੁਆਗਤ, ਸਤਿਆਮੇਵ ਜਯਤੇ। 'ਆਪ' ਨੇਤਾ ਗੋਪਾਲ ਰਾਏ ਨੇ ਕਿਹਾ,''ਸੁਪਰੀਮ ਕੋਰਟ ਦਾ ਫ਼ੈਸਲਾ ਦੇਸ਼ ਨਾਲ ਪਿਆਰ ਕਰਨ ਵਾਲਿਆਂ ਲਈ ਉਮੀਦ ਦੀ ਕਿਰਨ ਹੈ। ਕੇਜਰੀਵਾਲ ਨੂੰ ਅੰਤਰਿਮ ਜ਼ਮਾਨਤ ਦੇਣ ਲਈ ਸੁਪਰੀਮ ਕੋਰਟ ਦਾ ਧੰਨਵਾਦ।''

ਉੱਥੇ ਹੀ 'ਆਪ' ਨੇਤਾ ਆਤਿਸ਼ੀ ਨੇ ਕਿਹਾ,''ਸੁਪਰੀਮ ਕੋਰਟ ਦਾ ਫ਼ੈਸਲਾ ਸੱਚ, ਲੋਕਤੰਤਰ ਦੀ ਜਿੱਤ, ਲੋਕ ਸਭਾ ਚੋਣਾਂ ਤੋਂ ਬਾਅਦ ਦੇਸ਼ 'ਚ ਤਾਨਾਸ਼ਾਹੀ ਖ਼ਤਮ ਹੋ ਜਾਵੇਗੀ।'' ਉੱਥੇ ਹੀ 'ਆਪ' ਨੇਤਾ ਸੌਰਭ ਭਾਰਦਵਾਜ ਨੇ ਕਿਹਾ,''ਸੁਪਰੀਮ ਕੋਰਟ ਦਾ ਆਦੇਸ਼ ਚਮਤਕਾਰ, ਕੇਜਰੀਵਾਲ 'ਤੇ ਭਗਵਾਨ ਹਨੂੰਮਾਨ ਦਾ ਆਸ਼ੀਰਵਾਦ, ਉਨ੍ਹਾਂ ਨੂੰ ਅੰਤਰਿਮ ਜ਼ਮਾਨਤ ਮਿਲਣਾ ਦੇਸ਼ 'ਚ ਵੱਡੀ ਤਬਦੀਲੀ ਦਾ ਸੰਕੇਤ।'' 'ਆਪ' ਨੇਤਾ ਜੈਸਮੀਨ ਸ਼ਾਹ ਨੇ ਕਿਹਾ,''ਕੇਜਰੀਵਾਲ ਨੂੰ ਲੈ ਕੇ ਰਾਜਨੀਤਕ ਸਾਜਿਸ਼ ਰਚੀ ਗਈ। ਸੁਪਰੀਮ ਕੋਰਟ ਦਾ ਫ਼ੈਸਲਾ ਇਤਿਹਾਸਕ ਹੈ। ਲੋਕ ਸਭਾਚੋਣਾਂ ਅਸਲ 'ਚ ਅੱਜ ਤੋਂ ਸ਼ੁਰੂ ਹੋ ਰਹੀਆਂ ਹਨ।''

ਦੱਸਣਯੋਗ ਹੈ ਕਿ ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਮੌਜੂਦਾ ਲੋਕ ਸਭਾ ਚੋਣਾਂ 'ਚ ਪ੍ਰਚਾਰ ਲਈ ਇਕ ਜੂਨ ਤੱਕ ਅੰਤਰਿਮ ਜ਼ਮਾਨਤ ਦੇ ਦਿੱਤੀ। ਜੱਜ ਸੰਜੀਵ ਖੰਨਾ ਅਤੇ ਜੱਜ ਦੀਪਾਂਕਰ ਦੱਤਾ ਦੀ ਬੈਂਚ ਨੇ ਕਿਹਾ ਕਿ ਆਬਕਾਰੀ ਨੀਤੀ ਘਪਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਗ੍ਰਿਫ਼ਤਾਰ ਕੇਜਰੀਵਾਲ ਨੂੰ 2 ਜੂਨ ਨੂੰ ਆਤਮਸਮਰਪਣ ਕਰਨਾ ਹੋਵੇਗਾ ਅਤੇ ਵਾਪਸ ਜੇਲ੍ਹ ਜਾਣਾ ਹੋਵੇਗਾ।

# ਲਿਖ ਕੇ ਲੈ ਲਓ ਨਰਿੰਦਰ ਮੋਦੀ ਮੁੜ ਪ੍ਰਧਾਨ ਮੰਤਰੀ ਨਹੀਂ ਬਣਨਗੇ: ਰਾਹੁਲ

**ਲਖਨਊ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਅੱਜ ਕਨੌਜ ਵਿੱਚ ਸਮਾਜਵਾਦੀ ਪਾਰਟੀ ਦੇ ਨੇਤਾ ਅਖਿਲੇਸ਼ ਯਾਦਵ ਨਾਲ ਕੀਤੀ ਸਾਂਝੀ ਚੋਣ ਰੈਲੀ ਵਿੱਚ ਕਿਹਾ ਕਿ ਵਿਰੋਧੀ ਗਠਜੋੜ 'ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ'(ਇੰਡੀਆ) ਦਾ ਉੱਤਰ ਪ੍ਰਦੇਸ਼ 'ਚ ਤੂਫਾਨ ਕਰ ਰਿਹਾ ਹੈ, ਸੂਬੇ 'ਚ ਭਾਜਪਾ ਨੂੰ ਆਪਣੀ ਸਭ ਤੋਂ ਵੱਡੀ ਹਾਰ ਦਾ ਸਾਹਮਣਾ ਕਰਨਾ ਪਏਗਾ। ਉਨ੍ਹਾਂ ਕਿਹਾ,'ਇਹ ਲਿਖਤੀ ਲੈ ਲਓ, ਨਰਿੰਦਰ ਮੋਦੀ ਮੁੜ ਪ੍ਰਧਾਨ ਮੰਤਰੀ ਨਹੀਂ ਬਣਨਗੇ।' ਕਨੌਜ ਤੋਂ ਸ੍ਰੀ ਯਾਦਵ ਚੋਣ ਲੜ ਰਹੇ ਹਨ।



# ਬੋਲਣ ਦੀ ਲੋੜ ਨਹੀਂ, ਸਾਡੀ ਸਰਕਾਰ ਦੇ ਜ਼ੀਰੋ ਬਿੱਲ ਤੇ 43 ਹਜ਼ਾਰ ਨੌਕਰੀਆਂ ਬੋਲਦੀਆਂ ਹਨ : ਭਗਵੰਤ ਮਾਨ

**ਜਲੰਧਰ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਮਾਨ ਨੇ ਜਲੰਧਰ ਤੋਂ 'ਆਪ' ਉਮੀਦਵਾਰ ਪਵਨ ਕੁਮਾਰ ਟੀਨੂੰ ਲਈ ਸ਼ਾਹਕੋਟ 'ਚ ਚੋਣ ਪ੍ਰਚਾਰ ਕੀਤਾ। ਮਾਨ ਨੇ ਕਿਹਾ ਕਿ ਉਹ ਇਸ ਪਿਆਰ ਦੇ ਰਿਣੀ ਹਨ। ਰੱਬ ਦੀ ਮਿਹਰ ਹੈ ਕਿ ਉਸ ਨੂੰ ਇਹ ਪਿਆਰ ਮਿਲਿਆ ਹੈ, ਨਹੀਂ ਤਾਂ ਲੋਕ ਦੂਜੇ ਸਿਆਸਤਦਾਨਾਂ ਨੂੰ ਬਿਲਕੁਲ ਵੀ ਪਸੰਦ ਨਹੀਂ ਕਰਦੇ ਅਤੇ ਉਨ੍ਹਾਂ ਨੂੰ ਮਿਲਣਾ ਬੁਰਾ ਸ਼ਗਨ ਸਮਝਦੇ ਹਨ। ਮਾਨ ਨੇ ਰਤਨ ਸਿੰਘ ਕਾਕੜ ਕਲਾਂ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਅਤੇ ਉਹ ਉਨ੍ਹਾਂ ਦੇ ਪਰਿਵਾਰ ਨੂੰ ਵੀ ਮਿਲੇ।



ਉਨ੍ਹਾਂ ਕਿਹਾ ਕਿ ਉਹ ਖ਼ੁਸ਼ ਹਨ ਕਿ ਵੋਟਾਂ ਮੰਗਣ ਲਈ ਉਨ੍ਹਾਂ ਨੂੰ ਕੁਝ ਬੋਲਣਾ ਨਹੀਂ ਪੈਂਦਾ। ਉਨ੍ਹਾਂ ਦੀ ਸਰਕਾਰ ਦਾ ਕੰਮ ਹੀ ਖੁਦ ਬੋਲਦਾ ਹੈ। ਤੁਹਾਡਾ ਜ਼ੀਰੋ ਬਿਜਲੀ ਦਾ ਬਿੱਲ ਸਾਡੇ ਲਈ ਬੋਲ ਰਿਹਾ ਹੈ। 43,000 ਸਰਕਾਰੀ ਨੌਕਰੀਆਂ ਬੋਲ ਰਹੀਆਂ ਹਨ। ਬੰਦ ਪਏ ਟੋਲ ਪਲਾਜ਼ੇ ਅਤੇ ਤੁਹਾਡੇ ਰਾਸ਼ਨ ਕਾਰਡ ਸਾਡੇ ਲਈ ਬੋਲ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਪੰਜਾਬ 'ਚ 16 ਟੋਲ ਪਲਾਜ਼ੇ ਬੰਦ ਕੀਤੇ ਹਨ, ਜਿਸ ਕਾਰਨ ਪੰਜਾਬੀਆਂ ਦੀ ਰੋਜ਼ਾਨਾ ਕਰੀਬ 60 ਲੱਖ ਰੁਪਏ ਦੀ ਬੱਚਤ ਹੋ ਰਹੀ ਹੈ। ਇਸ ਦੇ ਨਾਲ ਹੀ ਜ਼ੀਰੋ ਬਿਜਲੀ ਬਿੱਲ ਨੇ ਆਮ ਲੋਕਾਂ ਦਾ ਆਰਥਿਕ ਬੋਝ ਹਲਕਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਹੋਰ ਮੁੱਖ ਮੰਤਰੀਆਂ ਜਾਂ ਸਿਆਸੀ ਆਗੂਆਂ ਵਾਂਗ ਨਹੀਂ ਹਨ। ਉਨ੍ਹਾਂ ਕਿਹਾ ਕਿ ਦੂਜੇ ਮੁੱਖ ਮੰਤਰੀ ਜਨਤਾ ਤੋਂ ਦੂਰ ਰਹਿੰਦੇ ਸਨ ਜਦਕਿ ਉਹ ਹਮੇਸ਼ਾ ਜਨਤਾ ਵਿਚਕਾਰ ਰਹਿੰਦੇ ਹਨ।

# ਮੁੱਖ ਮੰਤਰੀ ਦਫ਼ਤਰ ਤੇ ਦਿੱਲੀ ਸਕੱਤਰੇਤ ਨਹੀਂ ਜਾਣਗੇ ਕੇਜਰੀਵਾਲ: ਸੁਪਰੀਮ ਕੋਰਟ

**ਨਵੀਂ ਦਿੱਲੀ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਕੁਝ ਸ਼ਰਤਾਂ 'ਤੇ ਅੰਤਰਿਮ ਜ਼ਮਾਨਤ ਦਿੱਤੀ ਹੈ। ਸੁਪਰੀਮ ਕੋਰਟ ਨੇ ਮੁੱਖ ਮੰਤਰੀ ਨੂੰ 50,000 ਰੁਪਏ ਦਾ ਜ਼ਮਾਨਤੀ ਬਾਂਡ ਭਰਨ ਲਈ ਕਿਹਾ ਹੈ।

ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਹੁਕਮ ਦਿੱਤਾ ਕਿ ਕੇਜਰੀਵਾਲ ਮੁੱਖ ਮੰਤਰੀ ਦਫ਼ਤਰ ਅਤੇ ਦਿੱਲੀ ਸਕੱਤਰੇਤ ਵਿਖੇ ਨਹੀਂ ਜਾ ਸਕਣਗੇ ਅਤੇ ਨਾ ਹੀ ਕਿਸੇ ਗਵਾਹ ਨਾਲ ਕੋਈ ਸੰਪਰਕ ਕਰਨਗੇ।

ਇਸ ਦੇ ਨਾਲ ਹੀ ਉਹ ਉਪ ਰਾਜਪਾਲ ਦੀ ਆਗਿਆ ਤੋਂ ਬਿਨਾਂ ਕਿਸੇ ਵੀ ਸਰਕਾਰੀ ਫਾਈਲ 'ਤੇ ਦਸਤਖ਼ਤ ਨਹੀਂ ਕਰਨਗੇ।

# ਸ਼ਿਵ ਸੈਨਾ ਹਿੰਦੁਸਤਾਨ ਉਮੀਦਵਾਰ ਵੱਲੋਂ ਵੱਖ-ਵੱਖ ਬਾਜ਼ਾਰਾਂ ਵਿੱਚ ਪੈਦਲ ਮਾਰਚ ਕਰਕੇ ਦੁਕਾਨਦਾਰਾਂ, ਵਪਾਰੀਆਂ ਅਤੇ ਆਮ ਨਾਗਰਿਕਾਂ ਨਾਲ ਕੀਤੀ ਮੁਲਾਕਾਤ

**ਪਟਿਆਲਾ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਹਿੰਦੁਸਤਾਨ ਅਤੇ ਹਿੰਦੁਸਤਾਨ ਸ਼ਕਤੀ ਸੈਨਾ ਦੇ ਪਟਿਆਲਾ ਲੋਕ ਸਭਾ ਸੀਟ ਦੇ ਸਾਂਝੇ ਉਮੀਦਵਾਰ ਸ਼੍ਰੀ ਕ੍ਰਿਸ਼ਨ ਕੁਮਾਰ ਗਾਬਾ ਨੇ ਕੱਲ੍ਹ ਵਰਕਰਾਂ ਦੇ ਇੱਕ ਵੱਡੇ ਸਮੂਹ ਨਾਲ ਨਾਮਜ਼ਦਗੀ ਪੱਤਰ ਦਾਖਲ ਕਰਨ ਤੋਂ ਬਾਅਦ ਸ਼ਿਵ ਸੈਨਾ ਹਿੰਦੁਸਤਾਨ ਅਤੇ ਹਿੰਦੁਸਤਾਨ ਸ਼ਕਤੀ ਸੈਨਾ ਦੇ ਕੌਮੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਜੀ ਦੀ ਅਗਵਾਈ ਹੇਠ ਅੱਜ ਪਟਿਆਲਾ ਦੇ ਵੱਖ-ਵੱਖ ਬਾਜ਼ਾਰਾਂ ਵਿੱਚ ਪੈਦਲ ਮਾਰਚ ਕਰਕੇ ਦੁਕਾਨਦਾਰਾਂ, ਵਪਾਰੀਆਂ ਅਤੇ ਆਮ ਨਾਗਰਿਕਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੇ ਹੱਕ ਵਿੱਚ ਵੋਟਾਂ ਪਾਉਣ ਦੀ ਅਪੀਲ ਕੀਤੀ।



ਸ਼੍ਰੀ ਪਵਨ ਗੁਪਤਾ ਜੀ, ਰਾਸ਼ਟਰੀ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ ਨੇ ਕ੍ਰਿਸ਼ਨ ਕੁਮਾਰ ਗਾਬਾ ਜੀ ਦੇ ਹੱਕ ਵਿੱਚ ਪ੍ਰਚਾਰ ਕਰਦੇ ਹੋਏ ਵੱਖ-ਵੱਖ ਬਜ਼ਾਰਾਂ ਦੇ ਦੌਰੇ ਦੌਰਾਨ ਛੋਟੀਆਂ-ਛੋਟੀਆਂ ਮੀਟਿੰਗਾਂ ਨੂੰ ਵੀ ਸੰਬੋਧਨ ਕੀਤਾ, ਜਿੱਥੇ ਵਪਾਰੀ ਵਰਗ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ।

ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੱਡੇ ਲੀਡਰਾਂ ਦੇ ਜਾਲ ਅਤੇ ਉਨ੍ਹਾਂ ਦੇ ਮੋਹ ਤੋਂ ਬਾਹਰ ਨਿਕਲਣ ਅਤੇ ਉਨ੍ਹਾਂ ਤੋਂ ਹੁਣ ਤੱਕ ਪੂਰਾ ਵਿਕਾਸ ਨਾ ਹੋਣ ਦਾ ਕਾਰਨ ਪੁੱਛਣ ?? ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਇਹ ਸਵਾਲ ਪੁੱਛੋ ਕਿ ਪੰਜਾਬ ਦੇ 45% ਹਿੰਦੂਆਂ ਦੇ ਅੱਤਵਾਦ ਦੇ ਜ਼ਖਮਾਂ ਨੂੰ ਭਰਨ ਲਈ 781 ਕਰੋੜ ਰੁਪਏ ਦਾ ਪੈਕੇਜ ਕਿਉਂ ਨਹੀਂ ਜਾਰੀ ਕੀਤਾ। ਪਟਿਆਲੇ ਤੋਂ ਸੰਸਦ ਮੈਂਬਰ ਸ੍ਰੀਮਤੀ ਪਰਨੀਤ ਕੌਰ ਜੀ ਨੇ ਇਸ ਸਬੰਧੀ ਕਿੰਨੀ ਵਾਰ ਸੰਸਦ ਵਿੱਚ ਆਵਾਜ਼ ਉਠਾਈ ਹੈ। ਪਟਿਆਲਾ ਹਿੰਦੂ ਬਹੁ-ਗਿਣਤੀ ਵਾਲਾ ਇਲਾਕਾ ਹੈ ਤਾਂ ਇੱਥੋਂ ਦੇ ਪ੍ਰਾਚੀਨ ਮੰਦਰਾਂ ਦੀ ਸੰਭਾਲ ਲਈ ਸਰਕਾਰੀ ਪੱਧਰ 'ਤੇ ਨੀਤੀ ਕਿਉਂ ਨਹੀਂ ਬਣਾਈ ਗਈ ?? ਪਟਿਆਲਾ ਦੇ ਵਪਾਰ ਨੂੰ ਵਧਾਉਣ ਲਈ ਰਾਜਪੁਰਾ ਤੋਂ ਪਟਿਆਲਾ ਅਤੇ ਉਸ ਤੋਂ ਅੱਗੇ ਰੇਲਵੇ ਦੀ ਹਾਲਤ ਅਜੇ ਤੱਕ ਕਿਉਂ ਨਹੀਂ ਸੁਧਾਰੀ ਗਈ। ਕਰੋੜਾਂ ਰੁਪਏ ਖਰਚਣ ਤੋਂ ਬਾਅਦ ਵੀ ਪਟਿਆਲਾ ਦੇ ਹਸਪਤਾਲਾਂ ਦੀ ਹਾਲਤ ਕਿਉਂ ਖ਼ਰਾਬ ਹੈ।

# ਨਰਿੰਦਰ ਦਾਭੋਲਕਰ ਹੱਤਿਆ ਕਾਂਡ 'ਚ 2 ਨੂੰ ਉਮਰ ਕੈਦ ਤੇ 3 ਬਰੀ

**ਪੁਣੇ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਣੇ ਦੀ ਵਿਸ਼ੇਸ਼ ਅਦਾਲਤ ਨੇ ਤਰਕਸ਼ੀਲ ਨਰਿੰਦਰ ਦਾਭੋਲਕਰ ਹੱਤਿਆ ਕਾਂਡੇ ਪੰਜ ਮੁਲਜ਼ਮਾਂ ਵਿਚੋਂ ਤਿੰਨ ਨੂੰ ਬਰੀ ਕਰ ਦਿੱਤਾ ਤੇ ਦੋ ਨੂੰ ਦੋਸ਼ੀ ਕਰਾਰ ਦਿੰਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਦਾਭੋਲਕਰ ਦੀ 20 ਅਗਸਤ 2013 ਨੂੰ ਉਦੋਂ ਗੋਲੀ ਮਾਰ ਦਿੱਤੀ ਗਈ ਸੀ, ਜਦੋਂ ਉਹ ਪੁਣੇ 'ਚ ਸਵੇਰ ਦੀ ਸੈਰ ਲਈ ਨਿਕਲ ਰਹੇ ਸਨ। ਇਸ ਮਾਮਲੇ ਵਿੱਚ ਪੰਜ ਵਿਅਕਤੀਆਂ ਨੂੰ ਮੁਲਜ਼ਮ ਬਣਾਇਆ ਗਿਆ ਸੀ। ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਨਾਲ ਸਬੰਧਤ ਮਾਮਲਿਆਂ ਲਈ ਵਿਸ਼ੇਸ਼ ਅਦਾਲਤ ਦੇ ਵਧੀਕ ਸੈਸ਼ਨ ਜੱਜ ਨੇ ਕਿਹਾ ਕਿ ਇਸਤਗਾਸਾ ਪੱਖ ਨੇ ਸਚਿਨ ਅੰਦੂਰੇ ਅਤੇ ਸ਼ਰਦ ਕਾਲਸਕਰ 'ਤੇ ਹੱਤਿਆ ਅਤੇ ਸਾਜ਼ਿਸ਼ ਰਚਣ ਦੇ ਦੋਸ਼ ਸਾਬਤ ਕਰ ਦਿੱਤੇ ਹਨ ਅਤੇ ਉਨ੍ਹਾਂ ਨੂੰ ਉਮਰ ਕੈਦ ਅਤੇ 5 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਸੀਬੀਆਈ ਅਨੁਸਾਰ ਅੰਦੂਰੇ ਅਤੇ ਕਾਲਸਕਰ ਨੇ ਦਾਭੋਲਕਰ 'ਤੇ ਗੋਲੀਬਾਰੀ ਕੀਤੀ ਸੀ। ਅਦਾਲਤ ਨੇ ਮੁਲਜ਼ਮ ਕੰਨ-ਨੱਕ-ਗਲੇ (ਈਐਨਟੀ) ਸਰਜਨ ਤਾਵੜੇ, ਸੰਜੀਵ ਪੁਨਾਲੇਕਰ ਅਤੇ ਵਿਕਰਮ ਭਾਵੇ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ।



# ਸੰਜੇ ਰਾਊਤ ਦੇ ਵਿਗੜੇ ਬੋਲ, ਕਿਹਾ- 'ਅਸੀਂ ਔਰੰਗਜ਼ੇਬ ਨੂੰ ਦਫ਼ਨਾ ਦਿੱਤਾ ਤਾਂ ਮੋਦੀ ਕੀ ਚੀਜ਼ ਹਨ'

**ਮੁੰਬਈ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ (ਯੂਬੀਟੀ) ਦੇ ਨੇਤਾ ਸੰਜੇ ਰਾਊਤ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਅਸੀਂ ਮਹਾਰਾਸ਼ਰ ਦੇ ਲੋਕਾਂ ਨੇ ਇੱਥੇ ਦੀ ਧਰਤੀ 'ਤੇ ਜਦੋਂ ਔਰੰਗਜ਼ੇਬ ਨੂੰ ਦਫ਼ਨਾ ਦਿੱਤਾ ਤਾਂ ਮੋਦੀ ਕੀ ਚੀਜ਼ ਹੈ। ਰਾਊਤ ਨੇ ਇਹ ਗੱਲ ਵੀਰਵਾਰ ਨੂੰ ਅਹਿਮਦਨਗਰ 'ਚ ਇਕ ਚੋਣ ਸਭਾ ਨੂੰ ਸੰਬੋਧਨ ਕਰਦੇ ਹੋਏ ਕਹੀ। ਰਾਊਤ ਨੇ ਕਿਹਾ ਕਿ ਔਰੰਗਜ਼ੇਬ ਦਾ ਜਨਮ ਨਰਿੰਦਰ ਮੋਦੀ ਦੇ ਪਿੰਡ 'ਚ ਹੋਇਆ ਸੀ, ਤੁਸੀਂ ਇਤਿਹਾਸ ਦੇਖੋ। ਅਹਿਮਦਾਬਾਦ ਦੇ ਨਾਲ ਦਾਹੋਦ ਨਾਂ ਦਾ ਪਿੰਡ ਹੈ, ਜਿੱਥੇ ਔਰੰਗਜ਼ੇਬ ਦਾ ਜਨਮ ਹੋਇਆ ਸੀ। ਗੁਜਰਾਤ 'ਚ ਔਰੰਗਜ਼ੇਬ ਦਾ ਜਨਮ ਹੋਇਆ ਸੀ, ਇਸ ਲਈ ਉਹ (ਮੋਦੀ) ਸਾਡੇ ਨਾਲ ਔਰੰਗਜ਼ੇਬ ਵਰਗਾ ਰਵੱਈਆ ਕਰ ਰਹੇ ਹਨ ਪਰ ਯਾਦ ਰਹੇ ਇਕ ਔਰੰਗਜ਼ੇਬ ਨੂੰ ਮਹਾਰਾਸ਼ਟਰ ਦੀ ਇਸ ਧਰਤੀ 'ਚ ਦਫ਼ਨਾ ਚੁੱਕੇ ਹਾਂ। ਔਰੰਗਜ਼ੇਬ 27 ਸਾਲਾਂ ਤੱਕ ਮਹਾਰਾਸ਼ਟਰ ਨੂੰ ਜਿੱਤਣ ਲਈ ਇਸ ਧਰਤੀ 'ਤੇ ਲੜਦਾ ਰਿਹਾ। ਅੰਤ 'ਚ ਅਸੀਂ ਮਹਾਰਾਸ਼ਟਰ ਦੀ ਧਰਤੀ 'ਤੇ ਹੀ ਉਸ ਦੀ ਕਬਰ ਖੋਦ ਕੇ ਉਸ ਨੂੰ ਇੱਥੇ ਦਫ਼ਨਾ ਦਿੱਤਾ ਤਾਂ ਨਰਿੰਦਰ ਮੋਦੀ ਕੀ ਚੀਜ਼ ਹਨ। ਇਹ ਮਰਾਠਾਵਾਂ ਦਾ ਇਤਿਹਾਸ ਹੈ, ਇਹ ਮਰਾਠੀ ਇਤਿਹਾਸ ਹੈ। ਦੱਸਣਯੋਗ ਹੈ ਕਿ ਸੰਜੇ ਰਾਊਤ ਅਤੇ ਉਨ੍ਹਾਂ ਦੀ ਪਾਰਟੀ ਦੇ ਪ੍ਰਧਾਨ ਊਧਵ ਠਾਕਰੇ ਇਸ ਤੋਂ ਪਹਿਲਾਂ ਵੀ ਪ੍ਰਧਾਨ ਮੰਤਰੀ ਦੀ ਤੁਲਨਾ ਕਦੇ ਔਰੰਗਜ਼ੇਬ ਨਾਲ ਤਾਂ ਕਦੇ ਅਫ਼ਜ਼ਲ ਖਾਨ ਨਾਲ ਕਰਦੇ ਰਹੇ ਹਨ।

# ਇਮਾਨਦਾਰ ਅਤੇ ਸਾਫ਼ ਸੁਥਰੀ ਸਿਆਸਤ ਮੇਰਾ ਸਿਆਸੀ ਮਾਡਲ : ਡਾ: ਗਾਂਧੀ

## ਡਾ: ਧਰਮਵੀਰ ਗਾਂਧੀ ਦੇ ਹੱਕ ਵਿੱਚ ਲੋਕ ਲਹਿਰ ਜ਼ੋਰ ਫੜਨ ਲੱਗੀ









**ਪਟਿਆਲਾ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕਸਭਾ ਹਲਕਾ ਪਟਿਆਲਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਨੇ ਸਨੌਰ ਸਬਜ਼ੀ ਮੰਡੀ,ਬਜ਼ਾਰ, ਬੋਲੜ੍ਹ ਕਲਾਂ,ਦੇਵੀਗੜ੍ਹ,ਥਾਪਰ ਕਾਲਜ ਸਮੇਤ ਅਨੇਕ ਪਿੰਡਾਂ ਦਾ ਦੌਰਾ ਕਰਦਿਆਂ ਕਿਹਾ ਕਿ ਇਮਾਨਦਾਰ ਅਤੇ ਸਾਫ਼ ਸੁਥਰੀ ਸਿਆਸਤ ਹੀ ਮੇਰਾ ਸਿਆਸੀ ਮਾਡਲ ਹੈ ਅਤੇ ਮੈਂ ਜਿੱਤਣ ਮਗਰੋਂ ਆਪਣੇ ਫੰਡ ਦੇ ਇੱਕ – ਇੱਕ ਪੈਸੇ ਲਈ ਹਲਕੇ ਦੇ ਲੋਕਾਂ ਨੂੰ ਜਵਾਬਦੇਹ ਹਾਂ। ਮੈਂ ਪਿਛਲੇ 50 ਸਾਲਾਂ ਤੋਂ ਆਪਣੇ ਜਨਤਕ ਸਮਾਜਿਕ ਜੀਵਨ ਦੌਰਾਨ ਹਰ ਖ਼ੇਤਰ ਵਿੱਚ ਜਿਵੇਂ ਇਮਾਨਦਾਰੀ ਨਾਲ਼ ਕੰਮ ਕੀਤਾ ਹੈ, ਇਸਤੋਂ ਲੋਕ ਭਲੀ ਭਾਂਤ ਵਾਕਿਫ਼ ਹਨ। ਉਹਨਾਂ ਕਿਹਾ ਕਿ ਇਮਾਨਦਾਰ ਸਿਆਸਤ ਦਾ ਦਾਅਵਾ ਕਰਦੀ ਆਪ ਪਾਰਟੀ ਦੇ ਬਹੁਤ ਸਾਰੇ ਆਗੂ ਅੱਜ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਘਿਰ ਰਹੇ ਹਨ ਅਤੇ ਇਸ਼ਤਿਹਾਰਬਾਜ਼ੀ ਅਤੇ ਵੀ.ਵੀ.ਆਈ.ਪੀ. ਕਲਚਰ ਰਾਹੀਂ ਮੌਜੂਦਾ ਸਰਕਾਰ ਪੰਜਾਬ ਦੇ ਖਜ਼ਾਨੇ ਦਾ ਹਜ਼ਾਰਾਂ ਕਰੋੜ ਰੁਪਏ ਬਰਬਾਦ ਕਰ ਰਹੀ ਹੈ।ਓਹਨਾਂ ਕਿਹਾ ਕਿ ਦੇਸ਼ ਵਿੱਚ ਪਿਛਲੇ 10 ਸਾਲਾਂ ਵਿੱਚ ਆਰਥਿਕ ਪਾੜਾ ਸਿਖਰਾਂ ਛੂਹ ਗਿਆ ਹੈ। ਗ਼ਰੀਬ ਹੋਰ ਗ਼ਰੀਬ ਹੋਏ ਹਨ ਅਤੇ ਮੋਦੀ ਸਰਕਾਰ ਦੇ ਅੰਬਾਨੀ – ਅਦਾਨੀ ਵਰਗੇ ਮਿੱਤਰਾਂ ਨੇ ਦੌਲਤਾਂ ਦੇ ਅੰਬਾਰ ਲਗਾ ਲਏ ਹਨ। ਇਹ ਗ਼ੈਰ ਬਰਾਬਰੀ ਬਰਦਾਸ਼ਤ ਤੋਂ ਬਾਹਰ ਹੈ। ਗ਼ਰੀਬ ਅਤੇ ਮੱਧ ਵਰਗੀ ਲੋਕਾਂ ਦੀ ਜੇਬ ਖ਼ਾਲੀ ਕਰਨ ਵਾਲੀ ਕੇਂਦਰ ਸਰਕਾਰ ਨੂੰ ਉਖਾੜ ਕੇ ਕਾਂਗਰਸ ਪਾਰਟੀ ਦੀ ਅਗਵਾਈ ਹੇਠ ਇੰਡੀਆ ਗਠਜੋੜ ਦੀ ਸਰਕਾਰ ਬਣਾਉਣਾ ਅੱਜ ਦੀ ਅਣਸਰਦੀ ਲੋੜ ਹੈ।

ਇਸ ਮੌਕੇ ਡਾਕਟਰ ਧਰਮਵੀਰ ਗਾਂਧੀ ਵੱਲੋਂ ਦੇਵੀਗੜ੍ਹ ਵਿਖੇ ਆਪਣੇ ਚੋਣ ਦਫ਼ਤਰ ਦਾ ਵੀ ਉਦਘਾਟਨ ਕੀਤਾ ਗਿਆ। ਇਸ ਮੌਕੇ ਹਰਿੰਦਰਪਾਲ ਸਿੰਘ ਹੈਰੀ ਮਾਨ ਹਲਕਾ ਇੰਚਾਰਜ ਸਨੌਰ ਨੇ ਆਪਣੇ ਵਿਧਾਨ ਸਭਾ ਹਲਕੇ ਤੋਂ ਵੱਡੀ ਲੀਡ ਦਵਾਉਣ ਦਾ ਭਰੋਸਾ ਦਿੱਤਾ। ਥਾਪਰ ਕਾਲਜ ਵਿਖੇ ਭਾਰਤ ਜੋੜੋ ਅਭਿਆਨ ਤੋਂ ਦੀਪਕ ਲਾਂਬਾ ਵਿਸ਼ੇਸ਼ ਤੌਰ 'ਤੇ ਪੁੱਜੇ ਜਿੱਥੇ ਓਹਨਾਂ ਡਾਕਟਰ ਗਾਂਧੀ ਨੂੰ ਜਿਤਾਉਣ ਲਈ ਅਪੀਲ ਕੀਤੀ। ਇਸ ਤੋਂ ਇਲਾਵਾ ਮਹਿਲਾ ਕਾਂਗਰਸ ਦੀ ਸੂਬਾ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ, ਜ਼ਿਲ੍ਹਾ ਯੂਥ ਕਾਂਗਰਸ ਦਿਹਾਤੀ ਪ੍ਰਧਾਨ ਪ੍ਰਣਵ ਗੋਇਲ, ਨਰੇਸ਼ ਦੁੱਗਲ ਆਦਿ ਹਾਜ਼ਰ ਸਨ।

# ਟਰੈਕਟਰ 'ਤੇ ਸਵਾਰ ਹੋ ਕੇ ਨਾਮਜ਼ਦਗੀ ਪੱਤਰ ਭਰਨ ਪੁੱਜੇ ਐਨ ਕੇ ਸ਼ਰਮਾ



**ਪਟਿਆਲਾ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੇ ਪਟਿਆਲਾ ਪਾਰਲੀਮਾਨੀ ਹਲਕੇ ਤੋਂ ਉਮੀਦਵਾਰ ਸ੍ਰੀ ਐਨ ਕੇ ਸ਼ਰਮਾ ਅੱਜ ਟਰੈਕਟਰ 'ਤੇ ਸਵਾਰ ਹੋ ਕੇ ਆਪਣੇ ਸਮਰਥਕਾਂ ਆਪਣੇ ਨਾਮਜ਼ਦਗੀ ਪੱਤਰ ਭਰਨ ਲਈ ਪੁੱਜੇ। ਉਹਨਾਂ ਦੀ ਪਤਨੀ ਬਬੀਤਾ ਸ਼ਰਮਾ ਨੇ ਉਹਨਾਂ ਦੇ ਕਵਰਿੰਗ ਉਮੀਦਵਾਰ ਵਜੋਂ ਨਾਮਜ਼ਦਗੀ ਪੱਤਰ ਦਾਖਲ ਕੀਤੇ। ਇਸ ਮੌਕੇ ਸ੍ਰੀ ਐਨ ਕੇ ਸ਼ਰਮਾ ਦੇ ਪਿਤਾ ਸ੍ਰੀ ਵੀ ਐਨ ਸ਼ਰਮਾ ਤੇ ਸਿਆਸੀ ਸਕੱਤਰ ਸ੍ਰੀ ਕ੍ਰਿਸ਼ਨਪਾਲ ਸ਼ਰਮਾ ਵੀ ਹਾਜ਼ਰ ਸਨ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਐਨ ਕੇ ਸ਼ਰਮਾ ਨੇ ਕਿਹਾ ਕਿ ਉਹ ਕਿਸਾਨ ਦੇ ਸਪੁੱਤਰ ਹਨ ਤੇ ਟਰੈਕਟਰ ਹੀ ਸਾਡੀ ਜ਼ਿੰਦ ਜਾਨ ਹੈ। ਉਹਨਾਂ ਕਿਹਾ ਕਿ ਪੰਜਾਬ ਖੇਤੀਬਾੜੀ ਪ੍ਰਧਾਨ ਸੂਬਾ ਹੈ ਤੇ ਸਾਡੇ ਇਲਾਕੇ ਦੀ ਜ਼ਮੀਨ ਵੀ ਬਹੁਤ ਮਾੜੀ ਤੇ ਸੇਮ ਭਰੀ ਹੁੰਦੀ ਸੀ ਜਿਸ ਵਿਚ ਅਸੀਂ ਖੇਤੀ ਕਰਦੇ ਸੀ। ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਕਿਸਾਨਾਂ, ਪੰਜਾਬ ਤੇ ਪੰਜਾਬੀਆਂ ਦੀ ਭਲਾਈ ਲਈ ਕੰਮ ਕੀਤਾ ਹੈ। ਇਹ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ ਦਲ ਦੀ ਸਰਕਾਰ ਹੀ ਸੀ ਜਿਸਨੇ ਕਿਸਾਨਾਂ ਵਾਸਤੇ ਖੇਤੀਬਾੜੀ ਬਿਜਲੀ ਮੁਫਤ ਕੀਤੀ ਜਿਸਦੀ ਬਦੌਲਤ ਪੰਜਾਬ ਵਿਚ ਖੇਤੀਬਾੜੀ ਇਕ ਵਾਰ ਤੋਂ ਮੁਨਾਫੇ ਵਾਲਾ ਧੰਦਾ ਬਣੀ ਸੀ ਪਰ ਮੰਦੇ ਹਾਲਾਤਾਂ ਨੂੰ ਹੁਣ ਕੇਂਦਰ ਸਰਕਾਰ ਤੇ ਸੂਬੇ ਦੀ ਮੌਜੂਦਾ ਆਪ ਸਰਕਾਰ ਦੇ ਬੇਰੁਖੇ ਰਵੱਈਏ ਕਾਰਣ ਕਿਸਾਨ ਕਰਜ਼ਈ ਹੋ ਕੇ ਆਤਮ ਹੱਤਿਆਵਾਂ ਕਰ ਰਹੇ ਹਨ ਪਰ ਦੋਵੇਂ ਸਰਕਾਰਾਂ ਕਿਸਾਨਾਂ ਦੀ ਸਾਰ ਨਹੀਂ ਲੈ ਰਹੀਆਂ।

# ਅਰਵਿੰਦ ਕੇਜਰੀਵਾਲ ਦੀ ਜਮਾਨਤ ਨਾਲ ਉੱਡੀ ਵਿਰੋਧੀ ਧਿਰਾਂ ਦੀ ਨੀਂਦ- ਡਾ ਬਲਬੀਰ ਸਿੰਘ

**ਪਟਿਆਲਾ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਮੰਤਰੀ ਤੇ ਲੋਕ ਸਭਾ ਉਮੀਦਵਾਰ ਡਾ ਬਲਬੀਰ ਦੀ ਨਾਭਾ ਦੇ ਕਈ ਪਿੰਡਾ ਦੀ ਫੇਰੀ ਦੌਰਾਨ ਲੋਕਾਂ ਨੇ ਅਰਵਿੰਦ ਕੇਜਰੀਵਾਲ ਦੀ ਜਮਾਨਤ ਦੀ ਖੁਸ਼ੀ ਵਿੱਚ ਉਨਾਂ ਤੇ ਫੁੱਲ ਬਰਸਾਏ ਅਤੇ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ। ਇਸ ਮੌਕੇ ਡਾ ਬਲਬੀਰ ਨੇ ਮੋਦੀ ਸਰਕਾਰ ਤੇ ਤੰਜ ਕਸਦਿਆ ਕਿਹਾ ਕਿ ਮੋਦੀ ਸਰਕਾਰ ÷ਕੰਮ ਨਹੀ ਘੜੰਮ ਚੋਧਰੀ÷ ਕਹਾਵਤ ਵਾਲੀ ਸਰਕਾਰ ਹੈ। ਨਾਭੇ ਦੇ ਕਈ ਪਿੰਡ ਕਕਰਾਲਾ, ਕੋਟ ਕਲਾਂ, ਅੱਚਲ, ਢੀਂਗੀ, ਬੋੜਾ ਕਲਾਂ, ਥੂਹੀ, ਨਰਮਾਣਾ, ਬਨੇਰੀ ਕਲਾਂ, ਸੌਜਾਂ, ਨਾਭਾ ਵਾਰਡ ਨੰ 18, 13, 9 ਦੀ ਫੇਰੀ ਦੌਰਾਨ



ਡਾ ਬਲਬੀਰ ਨਾਲ ਉੱਥੋਂ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵੀ ਵਿਸ਼ੇਸ਼ ਤੌਰ ਤੇ ਮੌਜੂਦ ਰਹੇ। ਮੰਚ ਤੋਂ ਸੰਬੋਧਨ ਕਰਦਿਆਂ ਡਾ ਬਲਬੀਰ ਨੇ ਕਿਹਾ ਕਿ ਮੋਦੀ ਸਰਕਾਰ ਦੇ ਬਹੁਤੇ ਕੰਮ ਘੜੰਮ ਚੋਧਰੀ ਵਾਲੇ ਹਨ, ਕਿਉਂਕਿ ਜਿਨ੍ਹਾਂ ਅਸਲ ਦੋਸ਼ੀਆਂ ਨੂੰ ਫੜ ਕੇ ਅੰਦਰ ਕਰਨਾ ਚਾਹੀਦਾ ਹੈ, ਉਹ ਦੋਸ਼ੀ ਅੱਜ ਵੀ ਕੇਂਦਰ ਦੀ ਸਰਕਾਰ ਚਲਾਉਣ ਵਿੱਚ ਪੂਰੀ ਤਰ੍ਹਾਂ ਭਾਈਵਾਲ ਹਨ। ਉਨ੍ਹਾਂ ਕਿਹਾ ਕਿ ਦੇਸ਼ ਅੰਦਰ ਇਸ ਵਾਰ ਲੋਕ ਭਗਵੇਂਕਰਨ ਦੀ ਨੀਤੀ ਨੂੰ ਸਮਝ ਗਏ ਹਨ ਅਤੇ ਉਹ ਦੇਸ਼ ਦਾ ਨਿਰਮਾਣ ਕਰਨ 'ਚ ਵਿਸ਼ਵਾਸ਼ ਰੱਖਣ ਵਾਲੀ ਆਮ ਆਦਮੀ ਪਾਰਟੀ ਦੇ ਹੱਥ ਮਜ਼ਬੂਤ ਕਰਨਗੇ।

# ਨਾਮਜ਼ਦਗੀਆਂ ਦੇ ਚੌਥੇ ਦਿਨ ਪਟਿਆਲਾ ਲੋਕ ਸਭਾ ਹਲਕੇ ਤੋਂ ਪੰਜ ਉਮੀਦਵਾਰਾਂ ਨੇ ਦਾਖਲ ਕੀਤੇ ਆਪਣੇ ਨਾਮਜ਼ਦਗੀ ਪੱਤਰ

**ਪਟਿਆਲਾ, 11 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ-ਕਮ-ਰਿਟਰਨਿੰਗ ਅਫ਼ਸਰ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਹੈ ਕਿ ਆਗਾਮੀ 1 ਜੂਨ 2024 ਨੂੰ ਲੋਕ ਸਭਾ ਦੀਆਂ ਹੋਣ ਵਾਲੀਆਂ ਆਮ ਚੋਣਾਂ ਲਈ ਅੱਜ ਨਾਮਜ਼ਦਗੀ ਦਾਖਲ ਕਰਨ ਦੇ ਚੌਥੇ ਦਿਨ ਲੋਕ ਸਭਾ ਹਲਕਾ ਪਟਿਆਲਾ-13 ਤੋਂ ਚੋਣ ਲੜਨ ਲਈ ਪੰਜ ਉਮੀਦਵਾਰਾਂ ਨੇ ਆਪਣੇ ਨਾਮਜ਼ਦਗੀ ਪੱਤਰ ਦਾਖਲ ਕਰਵਾਏ ਹਨ।

ਇਸੇ ਦੌਰਾਨ ਜ਼ਿਲ੍ਹਾ ਚੋਣ ਅਫ਼ਸਰ ਨੇ ਚੋਣ ਲੜਨ ਵਾਲੇ ਸਾਰੇ ਉਮੀਦਵਾਰਾਂ ਨੂੰ ਅਪੀਲ ਕੀਤੀ ਕਿ ਉਹ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਤੇ ਲਾਗੂ ਚੋਣ ਜ਼ਾਬਤੇ ਦੀ ਸਖ਼ਤੀ ਨਾਲ ਪਾਲਣਾ ਕਰਨੀ ਯਕੀਨੀ ਬਣਾਉਣ।

ਰਿਟਰਨਿੰਗ ਅਫ਼ਸਰ ਨੇ ਅੱਗੇ ਦੱਸਿਆ ਕਿ ਅੱਜ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨਰਿੰਦਰ ਕੁਮਾਰ ਸ਼ਰਮਾ









ਪੁੱਤਰ ਵਿਸ਼ਵਾ ਨਾਥ ਸ਼ਰਮਾ ਨੇ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ। ਉਨ੍ਹਾਂ ਦੇ ਨਾਲ ਬਬੀਤਾ ਸ਼ਰਮਾ ਪਤਨੀ ਨਰਿੰਦਰ ਕੁਮਾਰ ਸ਼ਰਮਾ ਨੇ ਵੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਪਣੇ ਨਾਮਜ਼ਦਗੀ ਪੱਤਰ ਦਾਖਲ ਕਰਵਾਏ ਹਨ।

ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਆਜ਼ਾਦ ਉਮੀਦਵਾਰ ਵਿਸ਼ਾਲ ਸ਼ਰਮਾ ਪੁੱਤਰ ਵਿਸ਼ਵਜੀਤ ਸ਼ਰਮਾ ਵੱਲੋਂ ਨਾਮਜ਼ਦਗੀ ਦਾਖਲ ਕਰਨ ਸਮੇਤ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਜਗਜੀਤ ਸਿੰਘ ਪੁੱਤਰ ਸ਼ੀਤਲ ਸਿੰਘ ਅਤੇ ਇਨ੍ਹਾਂ ਦੇ ਨਾਲ ਸੁਖਜੀਤ ਸਿੰਘ ਪੁੱਤਰ ਸ਼ੀਤਲ ਸਿੰਘ ਨੇ ਵੀ ਆਪਣੇ ਨਾਮਜ਼ਦਗੀ ਪੱਤਰ ਰਿਟਰਨਿੰਗ ਅਫ਼ਸਰ ਕੋਲ ਜਮ੍ਹਾਂ ਕਰਵਾਏ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 11 ਮਈ ਨੂੰ ਦੂਜੇ ਸ਼ਨੀਵਾਰ ਦੀ ਛੁੱਟੀ ਅਤੇ 12 ਮਈ ਨੂੰ ਐਤਵਾਰ ਹੋਣ ਕਰਕੇ ਛੁੱਟੀ ਹੋਵੇਗੀ ਅਤੇ ਇਨ੍ਹਾਂ ਦਿਨਾਂ ਦੌਰਾਨ ਨਾਮਜ਼ਦਗੀ ਪੱਤਰ ਜਮ੍ਹਾਂ ਨਹੀਂ ਹੋ ਸਕਣਗੇ। ਉਨ੍ਹਾਂ ਦੱਸਿਆ ਕਿ ਨਾਮਜ਼ਦਗੀਆਂ 14 ਮਈ ਤੱਕ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਦਾਖਲ ਕਰਵਾਈਆਂ ਜਾ ਸਕਣਗੀਆਂ ਅਤੇ ਨਾਮਜ਼ਦਗੀਆਂ ਦੀ ਪੜਤਾਲ 15 ਮਈ ਬੁੱਧਵਾਰ ਨੂੰ ਹੋਵੇਗੀ। ਉਮੀਦਵਾਰ 17 ਮਈ ਤੱਕ ਆਪਣੇ ਨਾਮਜ਼ਦਗੀ ਵਾਪਸ ਲੈ ਸਕਣਗੇ, ਇਸੇ ਦਿਨ ਸਾਰੇ ਉਮੀਦਵਾਰਾਂ ਦੀ ਸੂਚੀ ਫਾਈਨਲ ਹੋ ਜਾਵੇਗੀ ਅਤੇ ਆਜ਼ਾਦ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ ਕੀਤੇ ਜਾਣਗੇ।

# ਜਲੰਧਰ 'ਚ ਸੁਸ਼ੀਲ ਰਿੰਕੂ, ਚਰਨਜੀਤ ਚੰਨੀ ਤੇ ਮਹਿੰਦਰ ਸਿੰਘ ਕੇਪੀ ਨੇ ਦਾਖ਼ਲ ਕਰਵਾਏ ਨਾਮਜ਼ਦਗੀ ਪੱਤਰ

**ਜਲੰਧਰ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ-2024 ਲਈ ਨਾਮਜ਼ਦਗੀਆਂ ਭਰਨ ਦਾ ਅੱਜ ਚੌਥਾ ਦਿਨ ਹੈ। ਅੱਜ ਜਲੰਧਰ ਵਿਚ ਭਾਜਪਾ ਦੇ ਉਮੀਦਵਾਰ ਸੁਸ਼ੀਲ ਰਿੰਕੂ, ਬਸਪਾ ਦੇ ਉਮੀਦਵਾਰ ਬਲਵਿੰਦਰ ਕੁਮਾਰ ਅਤੇ ਅਕਾਲੀ ਦਲ ਦੇ ਉਮੀਦਵਾਰ ਮਹਿੰਦਰ ਸਿੰਘ ਕੇਪੀ ਨੇ ਨਾਮਜ਼ਦਗੀ ਪੱਤਰ ਭਰੇ। ਉਮੀਦਵਾਰ ਰੋਡ ਸ਼ੋਅ ਕੱਢਦੇ ਹੋਏ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਦੇ ਦਫ਼ਤਰ ਪਹੁੰਚੇ, ਜਿੱਥੇ ਡੀ. ਸੀ. ਦੇ ਕੋਰਟ ਰੂਮ 'ਚ ਡਾ. ਹਿਮਾਂਸ਼ੂ ਅਗਰਵਾਲ ਕੋਲ ਉਨ੍ਹਾਂ ਵੱਲੋਂ ਲੋਕ ਸਭਾ ਚੋਣਾਂ ਲਈ ਨਾਮਜ਼ਦਗੀ ਪੱਤਰ ਦਾਖ਼ਲ ਕਰਵਾਏ ਗਏ। ਇਸ ਦੇ ਇਲਾਵਾ ਕਾਂਗਰਸ ਦੇ ਉਮੀਦਵਾਰ ਚਰਨਜੀਤ ਸਿੰਘ ਚੰਨੀ ਨੇ ਵੀ ਆਪਣਾ ਨਾਮਜ਼ਦਗੀ ਪੱਤਰ ਦਾਖ਼ਲ ਕਰਵਾ ਦਿੱਤਾ ਹੈ। ਚਰਨਜੀਤ ਸਿੰਘ ਚੰਨੀ ਦੇ ਨਾਲ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਦੇ ਦਫ਼ਤਰ ਵਿਚ ਪ੍ਰਤਾਪ ਸਿੰਘ ਬਾਜਵਾ ਵੀ ਮੌਜੂਦ ਰਹੇ।







ਇਸ ਦੌਰਾਨ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਅਕਾਲੀ ਦਲ ਦੇ ਉਮੀਦਨਾਰ ਮਹਿੰਦਰ ਸਿੰਘ ਕੇਪੀ ਨੇ ਕਿਹਾ ਕਿ ਇਸ ਵਾਰ ਪੰਜ ਤਰਫ਼ਾ ਮੁਕਾਬਲਾ ਹੈ ਅਤੇ ਅਕਲੀ ਦਲ ਪੂਰੀ ਤਰ੍ਹਾਂ ਤਿਆਰ ਹੈ।

ਇਸ ਵਾਰ ਪਿੰਡਾਂ ਦੇ ਨਾਲ-ਨਾਲ ਸ਼ਹਿਰਾਂ ਵਿੱਚ ਵੀ ਅਕਾਲੀ ਦਲ ਦਾ ਪ੍ਰਭਾਵ ਨਜ਼ਰ ਆ ਰਿਹਾ ਹੈ। ਆਪਣੇ ਵਿਰੋਧੀਆਂ ਬਾਰੇ ਉਨ੍ਹਾਂ ਕਿਹਾ ਕਿ ਇਸ ਵਾਰ ਪੰਜ-ਪੱਖੀ ਮੁਕਾਬਲਾ ਹੈ ਪਰ ਕਈ ਪਾਰਟੀਆਂ ਵੀ ਪੂਰੀ ਤਰ੍ਹਾਂ ਮੈਦਾਨ ਵਿੱਚ ਉਤਰ ਗਈਆਂ ਹਨ।

ਦੱਸਣਯੋਗ ਹੈ ਕਿ ਜਲੰਧਰ ਲੋਕ ਸਭਾ ਦੀਆਂ ਆਮ ਚੋਣਾਂ ਲਈ ਨਾਮਜ਼ਦਗੀ ਦਾਖ਼ਲ ਕਰਨ ਦੇ ਦੂਜੇ ਦਿਨ ਯਾਨੀ ਕਿ 8 ਮਈ ਨੂੰ ਨੀਟੂ ਸ਼ਟਰਾਂਵਾਲਾ ਨੇ ਆਜ਼ਾਦ ਉਮੀਦਵਾਰ ਵਜੋਂ ਆਪਣੇ ਨਾਮਜ਼ਦਗੀ ਪੱਤਰ ਦਾਖ਼ਲ ਕਰਕੇ ਜਲੰਧਰ ਵਿਚ ਨਾਮਜ਼ਦਗੀਆਂ ਭਰਨ ਦਾ ਖਾਤਾ ਖੋਲ੍ਹਿਆ ਸੀ। ਨੀਟੂ ਸ਼ਟਰਾਂਵਾਲਾ ਨੇ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਕੋਲ ਜਮ੍ਹਾ ਕਰਵਾਏ ਸਨ। ਨੀਟੂ ਸ਼ਟਰਾਂਵਾਲਾ ਆਪਣੇ ਪਰਿਵਾਰਕ ਮੈਂਬਰਾਂ ਸਮੇਤ ਪ੍ਰਬੰਧਕੀ ਕੰਪਲੈਕਸ ਪਹੁੰਚੇ ਸਨ ਅਤੇ ਡੀ. ਸੀ. ਦੇ ਕੋਰਟ ਰੂਮ 'ਚ ਆਪਣੇ ਦਸਤਾਵੇਜ਼ ਜਮ੍ਹਾ ਕਰਵਾਏ। ਡਾ. ਹਿਮਾਂਸ਼ੂ ਨੇ ਇਸ ਦੌਰਾਨ ਕਿਹਾ ਕਿ ਨਾਮਜ਼ਦਗੀਆਂ 14 ਮਈ ਤੱਕ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਦਾਖ਼ਲ ਕੀਤੀਆਂ ਜਾ ਸਕਦੀਆਂ ਹਨ । ਨਾਮਜ਼ਦਗੀਆਂ ਦੀ ਪੜਤਾਲ 15 ਮਈ ਨੂੰ ਹੋਵੇਗੀ ਅਤੇ ਨਾਮਜ਼ਦਗੀ ਪੱਤਰ ਵਾਪਸ ਲੈਣ ਦੀ ਆਖਰੀ ਮਿਤੀ 17 ਮਈ ਹੈ। ਜ਼ਿਕਰਯੋਗ ਹੈ ਕਿ ਪੰਜਾਬ ਵਿਚ 7 ਮਈ ਤੋਂ 9 ਮਈ ਤੱਕ 61 ਉਮੀਦਵਾਰਾਂ ਵੱਲੋਂ 68 ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਜਾ ਚੁੱਕੇ ਹਨ।

# ਪੁਲਿਸ ਦੇ ਜਵਾਨ ਜਿਮੇਵਾਰੀ ਪੱਥ 'ਤੇ ਜਾਣ ਦੀ ਵੀ ਨਹੀਂ ਕਰਦੇ ਪਰਵਾਹ - ਡੀਜੀਪੀ ਸ਼ਤਰੂਜੀਤ ਕਪੂਰ

**ਪਟਿਆਲਾ, 11 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਪੁਲਿਸ ਮਹਾਨਿਦੇਸ਼ਕ ਸ਼ਤਰੂਜੀਤ ਕਪੂਰ ਨੇ ਅੱਜ ਰੋਹਤਕ ਦੇ ਪੁਲਿਸ ਟ੍ਰੇਨਿੰਗ ਸੈਂਟਰ ਸੁਨਾਰਿਆ ਦੇ ਪੀਓਪੀ ਗਰਾਊਂਡ ਵਿਚ ਪ੍ਰਬੰਧਿਤ ਐਕਸ ਸਰਵਿਸਮੈਨ ਦੇ ਰਿਕਰੂਟਮੈਂਟ ਦੇ ਬੇਸਿਕ ਕੋਰਸ ਬੈਚ ਨੰਬਰ ਐਸ-14 ਦੀ ਪਾਸਿੰਗ ਆਊਟ ਪਰੇਡ ਦਾ ਨਿਰੀਖਣ ਕੀਤਾ ਤੇ ਸਲਾਮੀ ਲਈ।

ਪੁਲਿਸ ਮਹਾਨਿਦੇਸ਼ਕ ਸ਼ਤਰੂਜਤ ਕਪੂਰ ਨੇ ਪਰੇਡ ਦੀ ਸਲਾਮੀ ਲੈਣ ਬਾਅਦ ਜਵਾਨਾਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਕੰਨਵੋਕੇਸ਼ਨ ਪਰੇਡ ਕਿਸੇ ਵੀ ਪੁਲਿਸ ਕਰਮਚਾਰੀ ਲਈ ਇਹ ਮੌਕਾ ਇਕ ਗੌਰਵਮਈ ਪੱਲ ਹੁੰਦਾ ਹੈ। ਉਨ੍ਹਾਂ ਨੇ ਸਾਰੇ ਜਵਾਨਾਂ ਨੂੰ ਰਿਕਰੂਟਮੈਂਟ ਬੇਸਿਕ ਕੋਰਸ ਬਾਅਦ ਬਿਹਤਰੀਨ ਕੰਨਵੋਕੇਸ਼ਨ ਪਰੇਡ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਇਸ ਬੈਚ ਵਿਚ ਸਾਰੇ 452 ਸਿਪਾਹੀ ਐਕਸ ਸਰਵਿਸਮੈਨ ਹਨ। ਉਨ੍ਹਾਂ ਨੇ ਸੇਨਾ ਵਿਚ ਸਿਖਲਾਈ ਪ੍ਰਾਪਤ ਕਰ ਕੇ ਦੇਸ਼ ਦੀ ਸੇਵਾ ਕੀਤੀ ਹੈ। ਇੰਨ੍ਹਾਂ ਦਾ ਤਜਰਬਾ ਹੁਣ ਸੂਬੇ ਦੇ ਨਾਗਰਿਕਾਂ ਨੂੰ ਵੀ ਮਿਲੇਗਾ। ਉਨ੍ਹਾਂ ਨੇ ਕਿਹਾ ਕਿ ਪੁਲਿਸ ਦੇ ਹਰ ਕਰਮਚਾਰੀ ਦੀ ਜਿਮੇਵਾਰੀ ਨਾਗਰਿਕ ਦੇ ਜਾਣ-ਮਾਨ ਦੀ ਸੁਰੱਖਿਆ ਦੇ ਨਾਲ-ਨਾਲ ਕਾਨੂੰ ਵਿਵਸਥਾ ਬਣਾਏ ਰੱਖਣਾ ਹੈ।

ਉਨ੍ਹਾਂ ਨੇ ਕਿਹਾ ਕਿ ਹਰਿਆਣਾ ਪੁਲਿਸ ਅਪਰਾਧ ਤੇ ਅਪਰਾਧੀਆਂ ਨੂੰ ਪੂਰੀ ਤਰ੍ਹਾ ਖਤਮ ਕਰਨ ਦੇ ਲਈ ਕਾਨੂੰਨੀ ਤੇ ਵਿਭਾਗ ਦੀ ਹਰ ਜਰੂਰਤ ਪੂਰੀ ਕਰ ਰਿਹਾ ਹੈ। ਹਰ ਜਿਲ੍ਹਾ ਵਿਚ ਮਹਿਲਾ ਸੁਰੱਖਿਆ ਦੇ ਮੱਦੇਨਜਰ ਮਹਿਲਾ ਥਾਨੇ ਤੇ ਮਹਿਲਾ ਡੇਸਕ ਸਥਾਪਿਤ ਕੀਤੇ ਗਏ ਹਨ। ਸੂਬੇ ਵਿਚ ਨਸ਼ੇ ਦੇ ਕਾਰੋਬਾਰ ਨੂੰ ਪੂਰੀ ਤਰ੍ਹਾ ਨਾਲ ਖਤਮ ਕਰਨ ਅਤੇ ਨੌਜੁਆਨਾਂ ਨੂੰ ਨਸ਼ੇ ਤੋਂ ਦੂਰ ਰੱਖਣ ਦੇ ਲਈ ਵਿਸ਼ੇਸ਼ ਹਰਿਆਣਾ ਰਾਜ ਨਾਰਕੋਟਿਕਸ ਬੋਰਡ ਬਣਾਇਆ ਹੈ, ਜੋ ਹਰ ਜਿਲ੍ਹਾ ਵਿਚ ਨਸ਼ਾ ਮੁਕਤੀ ਮੁਹਿੰਮ ਚਲਾਉਣ ਦੇ ਨਾਲ-ਨਾਲ ਨਸ਼ੇ ਦੇ ਕਾਰੋਬਾਰ ਵਿਚ ਸ਼ਾਮਿਲ ਨਸ਼ਾ ਤਸਕਰਾਂ ਦੇ ਖਿਲਾਫ ਸਖਤ ਕਾਰਵਾਈ ਕਰ ਰਿਹਾ ਹੈ। ਵਿਭਾਗ ਵੱਲੋਂ ਪ੍ਰਬੰਧਿਤ ਸਾਈਕਲੋਥਾਨ ਵਿਚ ਹੋਈ ਅਪਾਰ ਜਨ ਭਾਗੀਦਾਰੀ ਇਸ ਗੱਲ ਦਾ ਪ੍ਰਮਾਣ ਹੈ ਕਿ ਸੂਬੇ ਦੀ ਜਨਤਾ ਨਸ਼ੇ ਖਿਲਾਫ ਪੂਰੀ ਤਰ੍ਹਾ ਸੁਚੇਤ ਹੈ ਅਤੇ ਜਨਤਾ ਨਸ਼ੇ ਦੇ ਖਿਲਾਫ ਇਕਜੁੱਟ ਹੋ ਕੇ ਕੰਮ ਕਰ ਰਹੀ ਹੈ।

ਉਨ੍ਹਾਂ ਨੇ ਕਿਹਾ ਕਿ ਸਾਈਬਰ ਕ੍ਰਾਇਮ ਨਾਲ ਨਜਿਠਣ ਲਈ ਹਰ ਜਿਲ੍ਹਾ ਵਿਚ ਸਾਈਬਰਜ ਥਾਨਾ ਬਦਾਇਆ ਗਿਆ ਹੈ। ਸਾਡੇ ਸਾਈਬਰ ਸੈਲ ਨੇ ਪੂਰੇ ਦੇਸ਼ ਵਿਚ ਸਾਈਬਰ ਕ੍ਰਇਮ ਰੋਕਨ ਵਿਚ ਸੱਭ ਤੋਂ ਬਿਹਤਰੀਨ ਕੰਮ ਕੀਤਾ ਹੈ। ਇਸ ਸੰਦਰਭ ਵਿਚ 1930 ਹੈਲਪਲਾਇਨ 'ਤੇ ਤੈਨਾਤ ਟੀਮ ਨੇ ਬਿਹਤਰੀਨ ਕੰਮ ਕੀਤਾ ਹੈ। ਇੰਨ੍ਹਾਂ ਸਾਰਿਆਂ ਦੇ ਯਤਨਾਂ ਨਾਲ ਹਰਿਆਣਾ ਸਾਈਬਰ ਕ੍ਰਾਇਮ ਦੇ ਅਪਰਾਧੀਆਂ ਨੂੰ ਫੜਨ ਲਈ ਦੇਸ਼ ਵਿਚ ਸੱਭ ਤੋਂ ਅਵੱਲ ਸਥਾਨ 'ਤੇ ਹੈ। ਉਨ੍ਹਾਂ ਨੇ ਨਿਵੇ ਨਿਯੁਕਤ ਸਿਪਾਹੀਆਂ ਦਾ ਹੌਸਲਾ ਵਧਾਉਂਦੇ ਹੋਏ ਕਿਹਾ ਕਿ ਸਮਾਜ ਨੂੰ ਪੁਲਿਸ ਤੋਂ ਸੇਵਾ, ਸੁਰੱਖਿਆ ਤੇ ਸਹਿਯੋਗ ਦੀ ਉਮੀਦ ਰਹਿੰਦੀ ਹੈ।

## ਖਰਚਾ ਆਬਜਰਵਰ ਵੱਲੋਂ ਨਿਗਰਾਨ ਟੀਮਾਂ ਨੂੰ ਨਕਦੀ ਉੱਪਰ ਕਰੜੀ ਨਜਰ ਰੱਖਣ ਦੇ ਹੁਕਮ

ਜਲੰਧਰ 11 ਮਈ। ਭਾਰਤੀ ਚੋਣ ਕਮਿਸਨ ਵੱਲੋਂ ਜਲੰਧਰ ਲੋਕ ਸਭਾ ਹਲਕੇ ਲਈ ਨਿਯੁਕਤ ਖਰਚਾ ਆਬਜਰਵਰ ਮਾਧਵ ਦੇਸਮੁਖ ( ਆਈ. ਆਰ. ਐੱਸ. 2009 ਬੈਚ ) ਅਤੇ ਜ਼ਿਲ੍ਹਾ ਚੋਣ ਅਫਸਰ ਕਮ ਡਿਪਟੀ ਕਮਿਸਨਰ ਡਾ ਹਿਮਾਂਸ਼ੂ ਅਗਰਵਾਲ ਵਲੋਂ ਖਰਚ ਉੱਪਰ ਨਿਗਰਾਨੀ ਲਈ ਤਾਇਨਾਤ ਵੱਖ ਵੱਖ ਟੀਮਾਂ ਨੂੰ ਨਿਰਦੇਸ ਦਿੱਤੇ ਗਏ ਕਿ ਨਕਦੀ ਦੀ ਆਵਾਜਾਈ/ਲੈਣ - ਦੇਣ ਉੱਪਰ ਕਰੜੀ ਨਿਗ੍ਹਾ ਰੱਖੀ ਜਾਵੇ ਤਾਂ ਜੋ ਪੈਸੇ ਦੀ ਦੁਰਵਰਤੋਂ ਨਾ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਨਕਦੀ ਦੇ ਲੈਣ - ਦੇਣ, ਸਰਾਬ ਦੀ ਢੋਆ ਢੁਆਈ ਤੇ ਸਟੋਰੇਜ ਆਦਿ ਉੱਪਰ ਬਾਜ ਅੱਖ ਰੱਖੀ ਜਾਵੇ ਤਾਂ ਜੋ ਵੋਟਰਾਂ ਨੂੰ ਕਿਸੇ ਲਾਲਚ ਨਾਲ ਪ੍ਰਭਾਵਿਤ ਕਰਨ ਦੀ ਸੰਭਾਵਨਾ ਨੂੰ ਖਾਰਜ ਕੀਤਾ ਜਾ ਸਕੇ। ਖਰਚਾ ਆਬਜਰਵਰ ਨੇ ਇਸ ਗੱਲ ਉੱਪਰ ਜੋਰ ਦਿੱਤਾ ਕਿ ਵੱਖ - ਵੱਖ ਅੰਤਰ ਵਿਭਾਗੀ ਟੀਮਾਂ 'ਚ ਆਪਸੀ ਤਾਲਮੇਲ ਬਿਹਤਰੀਨ ਹੋਵੇ ਤਾਂ ਜੋ ਚੋਣਾਂ ਦੌਰਾਨ ਆਦਰਸ ਚੋਣ ਜਾਬਤੇ ਨੂੰ ਇੰਨ ਬਿੰਨ ਲਾਗੂ ਕੀਤਾ ਜਾ ਸਕੇ । ਬੈਂਕਾਂ ਦੇ ਪ੍ਰਤੀਨਿਧੀਆਂ ਨੂੰ ਉਨ੍ਹਾਂ ਕਿਹਾ ਕਿ ਕਿਸੇ ਵੀ ਸੱਕੀ ਲੈਣ ਦੇਣ ਬਾਰੇ ਤੁਰੰਤ ਸੂਚਨਾ ਸਾਂਝੀ ਕੀਤੀ ਜਾਵੇ । ਇਸ ਤੋਂ ਇਲਾਵਾ ਖਰਚਾ ਨਿਗਰਾਨ ਟੀਮਾਂ ਨੂੰ ਸਿਆਸੀ ਪਾਰਟੀਆਂ ਦੀਆਂ ਰੈਲੀਆਂ, ਜਲਸਿਆਂ, ਰੋਡ ਸੋਅ 'ਤੇ ਸਖਤ ਨਿਗਰਾਨੀ ਦੇ ਹੁਕਮ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਖਰਚਾ ਨਿਗਰਾਨ ਟੀਮਾਂ ਚੋਣ ਕਮਿਸਨ ਦੀਆਂ ਅੱਖਾਂ ਤੇ ਕੰਨ ਹਨ ਜਿਨ੍ਹਾਂ ਦੇ ਸਹਿਯੋਗ ਨਾਲ ਹੀ ਪੈਸੇ ਦੀ ਦੁਰਵਰਤੋਂ ਨੂੰ ਰੋਕਿਆ ਜਾ ਸਕਦਾ ਹੈ। ਮੀਟਿੰਗ ਦੌਰਾਨ ਵੱਖ-ਵੱਖ ਵਿਭਾਗਾਂ ਦੇ ਨੋਡਲ ਅਫਸਰਾਂ ਨੇ ਹਿੱਸਾ ਲਿਆ, ਜਿਸ 'ਚ ਮੁੱਖ ਤੌਰ 'ਤੇ ਪੁਲਸ, ਐਕਸਾਈਜ, ਜੀ. ਐੱਸ. ਟੀ. , ਡਾਇਰੈਕਟਰ ਰੈਵੀਨਿਊ ਇੰਟੈਲੀਜੈਂਸ ਅਤੇ ਇਨਫੋਰਸਮੈਂਟ ਡਾਇਰੈਕਟੋਰੇਟ ਦੇ ਅਧਿਕਾਰੀ ਵੀ ਹਾਜਰ ਸਨ। ਇਸ ਮੌਕੇ ਨੋਡਲ ਅਫਸਰ ਅਮਰਜੀਤ ਬੈਂਸ ਵੀ ਹਾਜਰ ਸਨ।

## ਪਨਸਪ 'ਚ ਕਰੋੜਾਂ ਦੇ ਘਪਲੇ ਦੇ ਮਾਮਲੇ 'ਚ ਹਾਈਕੋਰਟ ਨੇ ਲਾਈ ਫਟਕਾਰ

ਚੰਡੀਗੜ੍ਹ 11 ਮਈ। । ਭਾਰਤੀ ਖੁਰਾਕ ਨਿਗਮ ਦੇ ਅਧਿਕਾਰੀਆਂ ਤੇ ਪ੍ਰਾਈਵੇਟ ਮਿੱਲ ਆਪਰੇਟਰਾਂ ਦੀ ਮਿਲੀ-ਭੁਗਤ ਨਾਲ ਕਰੋੜਾਂ ਦਾ ਅਨਾਜ ਗਾਇਬ ਕਰ ਕੇ ਪਨਸਪ ਨੂੰ ਚੂਨਾ ਲਗਾਉਣ ਦੇ ਮਾਮਲੇ 'ਚ 12 ਸਾਲ ਬਾਅਦ ਵੀ ਪੁਲਸ ਨੇ ਜਾਂਚ ਪੂਰੀ ਨਹੀਂ ਕੀਤੀ। ਇਸ 'ਤੇ ਹਾਈਕੋਰਟ ਨੇ ਸਖ਼ਤ ਰੁਖ਼ ਅਖਤਿਆਰ ਕਰਦਿਆਂ ਪੰਜਾਬ ਦੇ ਡੀ. ਜੀ. ਪੀ. ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਜਾਂ ਤਾਂ ਅਗਲੀ ਸੁਣਵਾਈ 'ਤੇ ਉਹ ਖ਼ੁਦ ਜਵਾਬ ਦਾਇਰ ਕਰਨ ਜਾਂ ਫਿਰ ਜੁਰਮਾਨੇ ਲਈ ਤਿਆਰ ਰਹਿਣ। ਪਟੀਸ਼ਨ ਦਾਇਰ ਕਰਦੇ ਹੋਏ ਪਟਿਆਲਾ ਨਿਵਾਸੀ ਸੰਦੀਪ ਗੋਇਲ ਨੇ ਹਾਈਕੋਰਟ ਨੂੰ ਅਨਾਜ ਘਪਲੇ ਦੀ ਜਾਣਕਾਰੀ ਦਿੱਤੀ। ਪਟੀਸ਼ਨਰ ਨੇ ਦੱਸਿਆ ਕਿ 2012 ਵਿਚ ਐੱਫ. ਸੀ. ਆਈ. ਦੀ ਫਿਜ਼ੀਕਲ ਵੈਰੀਫਿਕੇਸ਼ਨ ਦੌਰਾਨ ਇਹ ਗੱਲ ਸਾਹਮਣੇ ਆਈ ਸੀ ਕਿ ਅਨਾਜ ਦੇ 8 ਟਰੱਕ, ਜਿਨ੍ਹਾਂ ਨੂੰ ਕਾਗਜ਼ਾਂ 'ਚ ਦਿਖਾਇਆ ਗਿਆ ਸੀ, ਉਹ ਅਸਲ ਵਿਚ ਮੌਜੂਦ ਹੀ ਨਹੀਂ ਸਨ। ਬਾਅਦ ਵਿਚ ਪਤਾ ਲੱਗਾ ਕਿ ਉਨ੍ਹਾਂ ਲਈ ਜਾਰੀ ਕੀਤੇ ਸਰਟੀਫਿਕੇਟ ਵੀ ਫਰਜ਼ੀ ਸਨ। ਪਟੀਸ਼ਨਰ ਨੇ ਦੱਸਿਆ ਕਿ ਮਿੱਲ ਮਾਲਕਾਂ ਨੇ ਭਾਰਤੀ ਖੁਰਾਕ ਨਿਗਮ (ਐੱਫ. ਸੀ. ਆਈ.) ਦੇ ਅਧਿਕਾਰੀਆਂ ਨਾਲ ਮਿਲ ਕੇ ਇਹ ਕਰੋੜਾਂ ਰੁਪਏ ਦਾ ਘਪਲਾ ਕੀਤਾ ਸੀ, ਜਿਸ ਕਾਰਨ ਪਨਸਪ ਨੂੰ ਕਰੋੜਾਂ ਰੁਪਏ ਦਾ ਚੂਨਾ ਲੱਗਾ ਸੀ। ਪਨਸਪ ਦੇ ਅਧਿਕਾਰੀਆਂ ਨੇ ਸਾਲ 2012 ਵਿਚ ਪੰਜਾਬ ਦੇ ਡੀ. ਜੀ. ਪੀ. ਨੂੰ ਪੱਤਰ ਲਿਖਦੇ ਹੋਏ ਇਸ ਮਾਮਲੇ 'ਚ ਐੱਫ. ਆਈ. ਆਰ. ਦਰਜ ਕਰਕੇ ਜਾਂਚ ਕਰਨ ਦੀ ਮੰਗ ਕੀਤੀ ਸੀ। ਸਤੰਬਰ 2013 ਵਿਚ ਡੀ. ਜੀ ਪੀ. ਨੂੰ ਵਿੱਤੀ ਨੁਕਸਾਨ ਬਾਰੇ ਵੀ ਜਾਣਕਾਰੀ ਦਿੱਤੀ ਗਈ ਸੀ। ਇਸ ਸਭ ਦੇ ਬਾਵਜੂਦ ਇਸ ਮਾਮਲੇ ਦੀ ਜਾਂਚ ਹਾਲੇ ਤੱਕ ਵੀ ਅਧੂਰੀ ਹੈ। ਇਸ ਸਬੰਧੀ ਪਟੀਸ਼ਨਰ ਨੇ ਆਰ. ਟੀ. ਆਈ. ਜਰੀਏ ਪੰਜਾਬ ਪੁਲਸ ਤੋਂ ਜਾਂਚ ਬਾਰੇ ਜਾਣਕਾਰੀ ਮੰਗੀ ਤਾਂ ਜਵਾਬ ਮਿਲਿਆ ਕਿ ਜਾਂਚ ਅਜੇ ਚੱਲ ਰਹੀ ਹੈ।

# ਵਿਆਹੁਤਾ ਮੁਸਲਿਮ ਵਿਅਕਤੀ 'ਲਿਵ ਇਨ ਰਿਲੇਸਨਸਿਪ' 'ਚ ਹੋਣ ਦਾ ਦਾਅਵਾ ਨਹੀਂ ਕਰ ਸਕਦਾ: ਹਾਈ ਕੋਰਟ

**ਕਿਸ਼ਨ ਪਾਲ**

ਲਖਨਊ 11 ਮਈ। । ਇਲਾਹਾਬਾਦ ਹਾਈ ਕੋਰਟ ਦੀ ਲਖਨਊ ਬੈਂਚ ਨੇ ਇਕ ਅਹਿਮ ਫੈਸਲੇ 'ਚ ਕਿਹਾ ਕਿ ਕੋਈ ਵੀ ਮੁਸਲਿਮ ਪੁਰਸ ਆਪਣੀ ਪਤਨੀ ਨਾਲ 'ਲਿਵ-ਇਨ ਰਿਲੇਸਨਸ਼ਿਪ' 'ਚ ਰਹਿਣ ਦੇ ਅਧਿਕਾਰ ਦਾ ਦਾਅਵਾ ਨਹੀਂ ਕਰ ਸਕਦਾ। ਅਦਾਲਤ ਨੇ ਇਹ ਵੀ ਕਿਹਾ ਕਿ ਇਸਲਾਮ ਅਜਿਹੇ ਸਬੰਧਾਂ ਦੀ ਇਜਾਜਤ ਨਹੀਂ ਦਿੰਦਾ। ਇਹ ਹੁਕਮ ਜਸਟਿਸ ਏ.ਆਰ. ਜਸਟਿਸ ਮਸੂਦੀ ਅਤੇਜਸਟਿਸ ਏ ਕੇ ਸ੍ਰੀਵਾਸਤਵ ਪਹਿਲੇ ਦੇ ਡਿਵੀਜਨ ਬੈਂਚ ਨੇ ਸਨੇਹਾ ਦੇਵੀ ਅਤੇ ਮੁਹੰਮਦ ਸਾਦਾਬ ਖਾਨ ਦੁਆਰਾ ਦਾਇਰ ਇੱਕ ਰਿੱਟ ਪਟੀਸਨ 'ਤੇ ਸੁਣਵਾਈ ਕੀਤੀ। ਪਟੀਸਨ 'ਚ ਦੋਵਾਂ ਨੇ ਇਸ ਮਾਮਲੇ 'ਚ ਦਰਜ ਐੱਫਆਈਆਰ ਨੂੰ ਰੱਦ ਕਰਨ ਅਤੇ 'ਲਿਵ-ਇਨ ਰਿਲੇਸਨਸ਼ਿਪ' 'ਚ ਰਹਿਣ ਦੌਰਾਨ ਸੁਰੱਖਿਆ ਮੁਹੱਈਆ ਕਰਵਾਉਣ ਦੀ ਬੇਨਤੀ ਕੀਤੀ ਸੀ। ਅਦਾਲਤ ਨੇ ਆਪਣੇ ਹੁਕਮ ਵਿੱਚ ਕਿਹਾ ਕਿ ਰੀਤੀ-ਰਿਵਾਜ ਅਤੇ ਪਰੰਪਰਾਵਾਂ ਕਾਨੂੰਨ ਦੇ ਬਰਾਬਰ ਸਰੋਤ ਹਨ ਅਤੇ ਸੰਵਿਧਾਨ ਦਾ ਅਨੁਛੇਦ 21 ਅਜਿਹੇ ਰਿਸਤੇ ਦੇ ਅਧਿਕਾਰ ਨੂੰ ਮਾਨਤਾ ਨਹੀਂ ਦਿੰਦਾ ਹੈ ਜੋ ਰੀਤੀ-ਰਿਵਾਜਾਂ ਅਤੇ ਪਰੰਪਰਾਵਾਂ ਦੁਆਰਾ ਸੀਮਤ ਹੈ। ਇਨ੍ਹਾਂ ਟਿੱਪਣੀਆਂ ਦੇ ਨਾਲ, ਅਦਾਲਤ ਨੇ ਪੁਲਸ ਨੂੰ ਸੁਰੱਖਿਆ ਹੇਠ ਸਨੇਹਾ ਦੇਵੀ ਨੂੰ ਉਸਦੇ ਮਾਪਿਆਂ ਕੋਲ ਵਾਪਸ ਕਰਨ ਦੇ ਆਦੇਸ ਦਿੱਤੇ। ਪਟੀਸਨਕਰਤਾਵਾਂ ਨੇ ਕਿਹਾ ਕਿ ਉਹ ਬਾਲਗ ਸਨ ਅਤੇ ਆਪਣੀ ਮਰਜੀ ਨਾਲ 'ਲਿਵ-ਇਨ ਰਿਲੇਸਨਸ਼ਿਪ' ਵਿੱਚ ਰਹਿ ਰਹੇ ਸਨ; ਇਸ ਦੇ ਬਾਵਜੂਦ ਲੜਕੀ ਦੇ ਭਰਾ ਨੇ ਅਗਵਾ ਦਾ ਦੋਸ ਲਾਉਂਦਿਆਂ ਐਫਆਈਆਰ ਦਰਜ ਕਰਵਾਈ ਹੈ। ਪਟੀਸਨ ਵਿੱਚ ਉਕਤ ਐਫਆਈਆਰ ਨੂੰ ਚੁਣੌਤੀ ਦਿੱਤੀ ਗਈ ਹੈ ਅਤੇ ਨਾਲ ਹੀ ਪਟੀਸਨਕਰਤਾਵਾਂ ਦੇ ਸਾਂਤਮਈ ਜੀਵਨ ਵਿੱਚ ਦਖਲ ਨਾ ਦੇਣ ਦਾ ਹੁਕਮ ਪਾਸ ਕਰਨ ਦੀ ਬੇਨਤੀ ਕੀਤੀ ਗਈ ਹੈ। ਸੁਣਵਾਈ ਦੌਰਾਨ ਅਦਾਲਤ ਦੇ ਸਾਹਮਣੇ ਇਹ ਗੱਲ ਸਾਹਮਣੇ ਆਈ ਕਿ



ਸਾਦਾਬ ਨੇ 2020 'ਚ ਫਰੀਦਾ ਖਾਤੂਨ ਨਾਲ ਵਿਆਹ ਕਰਵਾਇਆ ਸੀ, ਜਿਸ ਤੋਂ ਉਸ ਦੀ ਇਕ ਬੇਟੀ ਵੀ ਹੈ। ਫਰੀਦਾ ਫਿਲਹਾਲ ਮੁੰਬਈ 'ਚ ਆਪਣੇ ਮਾਤਾ-ਪਿਤਾ ਨਾਲ ਰਹਿ ਰਹੀ ਹੈ। ਕੇਸ ਦੇ ਤੱਥਾਂ 'ਤੇ ਵਿਚਾਰ ਕਰਨ ਤੋਂ ਬਾਅਦ, ਅਦਾਲਤ ਨੇ ਕਿਹਾ ਕਿ ਸੰਵਿਧਾਨ ਦੀ ਧਾਰਾ 21 ਉਨ੍ਹਾਂ ਮਾਮਲਿਆਂ ਵਿੱਚ ਸੁਰੱਖਿਆ ਦਾ ਅਧਿਕਾਰ ਪ੍ਰਦਾਨ ਨਹੀਂ ਕਰਦੀ ਹੈ ਜਿੱਥੇ ਰੀਤੀ-ਰਿਵਾਜਾਂ ਅਤੇ ਵਰਤੋਂ ਵੱਖ-ਵੱਖ ਧਰਮਾਂ ਦੇ ਵਿਅਕਤੀਆਂ ਨੂੰ ਕੋਈ ਵੀ ਕੰਮ ਕਰਨ ਤੋਂ ਰੋਕਦੀਆਂ ਹਨ। ਕਿਉਂਕਿ ਸੰਵਿਧਾਨ ਦੀ ਧਾਰਾ 13 ਵੀ ਰੀਤੀ-ਰਿਵਾਜਾਂ ਨੂੰ ਕਾਨੂੰਨ ਮੰਨਦੀ ਹੈ। ਅਦਾਲਤ ਨੇ ਕਿਹਾ ਕਿ ਕਿਉਂਕਿ ਇਸਲਾਮ ਵਿਆਹੁਤਾ ਮੁਸਲਿਮ ਵਿਅਕਤੀ ਨੂੰ ਲਿਵ-ਇਨ ਰਿਲੇਸਨਸ਼ਿਪ ਵਿਚ ਰਹਿਣ ਦੀ ਇਜਾਜਤ ਨਹੀਂ ਦਿੰਦਾ ਹੈ, ਇਸ ਲਈ ਪਟੀਸਨਕਰਤਾਵਾਂ ਨੂੰ ਲਿਵ-ਇਨ ਰਿਲੇਸਨਸ਼ਿਪ ਵਿਚ ਰਹਿਣ ਦੌਰਾਨ ਸੁਰੱਖਿਆ ਦਾ ਕੋਈ ਅਧਿਕਾਰ ਨਹੀਂ ਹੈ। ਅਦਾਲਤ ਨੇ ਕਿਹਾ ਕਿ ਸੰਵਿਧਾਨਕ ਨੈਤਿਕਤਾ ਅਤੇ ਸਮਾਜਿਕ ਨੈਤਿਕਤਾ ਵਿਚਕਾਰ ਇਕਸੁਰਤਾ ਪੈਦਾ ਕਰਨ ਦੀ ਲੋੜ ਹੈ ਤਾਂ ਜੋ ਸਮਾਜ ਵਿਚ ਸਾਂਤੀ ਬਣਾਈ ਰੱਖੀ ਜਾ ਸਕੇ ਅਤੇ ਸਮਾਜਿਕ ਤਾਣੇ-ਬਾਣੇ ਨੂੰ ਕਾਇਮ ਰੱਖਿਆ ਜਾ ਸਕੇ।

## ਬਦਲਾਖੋਰੀ 'ਚ ਨਹੀਂ, ਵਿਕਾਸ ਕਰਨ 'ਚ ਯਕੀਨ ਰੱਖਦੀ ਹੈ ਕਾਂਗਰਸ ਪਾਰਟੀ : ਰਾਜਾ ਵੜਿੰਗ

ਲੁਧਿਆਣਾ 11 ਮਈ। । ਪੰਜਾਬ ਕਾਂਗਰਸ ਪ੍ਰਧਾਨ ਅਤੇ ਲੁਧਿਆਣਾ ਤੋਂ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਕਾਂਗਰਸ ਪਾਰਟੀ ਸਿਆਸੀ ਬਦਲਾਖੋਰੀ ਦੀ ਬਜਾਏ ਵਿਕਾਸ 'ਚ ਵਿਸ਼ਵਾਸ ਰੱਖਦੀ ਹੈ। ਰਾਜਾ ਵੜਿੰਗ ਨੇ ਵੀਰਵਾਰ ਨੂੰ ਲੁਧਿਆਣਾ ਦੇ ਹਲਕਾ ਕੇਂਦਰੀ ਅਤੇ ਪੂਰਬੀ 'ਚ ਚੋਣ ਸਭਾਵਾਂ ਨੂੰ ਜੋਸ਼ ਨਾਲ ਸੰਬੋਧਿਤ ਕੀਤਾ, ਜਿੱਥੇ ਉਨ੍ਹਾਂ ਨੂੰ ਹਰ ਵਰਗ ਵੱਲੋਂ ਸਮਰਥਨ ਦਾ ਭਰੋਸਾ ਮਿਲਿਆ। ਉਨ੍ਹਾਂ ਕਿਹਾ ਕਿ ਲੁਧਿਆਣਾ ਸੀਟ 'ਤੇ 4 ਉਮੀਦਵਾਰ ਮੈਦਾਨ ਵਿਚ ਹਨ। ਸਾਰਿਆਂ ਦਾ ਕੰਮ ਕਰਨ ਦਾ ਪਿਛਲਾ ਰਿਕਾਰਡ ਚੈੱਕ ਕਰਵਾ ਕੇ ਦੇਖ ਲਵੋ, ਜੇਕਰ ਮੇਰੇ 'ਤੇ ਯਕੀਨ ਰੱਖਦੇ ਹੋ ਤਾਂ ਮੈਨੂੰ ਜੇਤੂ ਬਣਾਓ ਤਾਂ ਜੋ ਮੈਂ ਲੋਕ ਸਭਾ 'ਚ ਜਾ ਕੇ ਲੁਧਿਆਣਾ ਦੀ ਆਵਾਜ਼ ਬਣ ਕੇ ਗਰਜਾਂ ਸਕਾਂ। ਉਨ੍ਹਾਂ ਕਿਹਾ ਹੈ ਉਨ੍ਹਾਂ ਨੇ ਲੁਧਿਆਣਾ ਨੂੰ ਸਿੱਖਿਆ ਖੇਤਰ ਦੇ ਹੱਬ 'ਚ ਬਦਲਣ ਅਤੇ ਇਕ ਸਾਫ-ਸੁਥਰਾ ਤੇ ਹਰਿਆ-ਭਰਿਆ ਸ਼ਹਿਰ ਬਣਾਉਣ ਲਈ ਵਾਤਾਵਰਣ ਸਥਿਰਤਾ ਨੂੰ ਉਤਸ਼ਾਹ ਦੇਣ ਵਰਗੇ ਮੁੱਦਿਆਂ ਨੂੰ ਸੰਸਦ 'ਚ ਉਠਾਉਣ ਦੀ ਸਹੁੰ ਖਾਧੀ ਹੈ। ਇਸ ਮੌਕੇ ਸਾਬਕਾ ਵਿਧਾਇਕ ਸੁਰਿੰਦਰ ਡਾਬਰ, ਜ਼ਿਲ੍ਹਾ ਕਾਂਗਰਸ ਪ੍ਰਧਾਨ ਸੰਜੇ ਤਲਵਾੜ, ਰੂਬਲ ਜੋਗੀ, ਵਿਨੋਦ ਭਾਰਤੀ, ਵਿਜੇ ਗਾਬਾ, ਰੰਗਾ ਮਦਾਨ, ਸਰਬਜੀਤ ਸਰਹਾਲੀ, ਟੀਟੂ ਨਾਗਪਾਲ, ਰਾਜਨ ਧਨੀ, ਅਜੇ ਤਲਵਾੜ, ਵਿਨੇ ਵਰਮਾ, ਜਰਨੈਲ ਸਿੰਘ, ਰਾਜੂ ਅਰੋੜਾ ਆਦਿ ਹਾਜਰ ਸਨ, ਜਦਕਿ ਵੜਿੰਗ ਨੇ ਸਮਾਜਿਕ ਤਰੱਕੀ ਨੂੰ ਆਕਾਰ ਦੇਣ ਵਿਚ ਕਾਨੂੰਨੀ ਵਕਾਲਤ ਦੇ ਮਹੱਤਵ 'ਤੇ ਚਾਨਣਾ ਪਾਉਂਦੇ ਹੋਏ ਨਿਊ ਕੋਰਟ ਕੰਪਲੈਕਸ 'ਚ ਜ਼ਿਲ੍ਹਾ ਬਾਰ ਐਸੋਸੀਏਸਨ ਦੇ ਮੈਂਬਰਾਂ ਨਾਲ ਬੈਠਕ ਕੀਤੀ।

# 100 ਤੋਂ ਵੱਧ ਔਰਤਾਂ ਨਾਲ ਜਬਰ-ਜਿਨਾਹ ਕਰਨ ਵਾਲੇ ਹਰਿਆਣਾ ਦੇ ਜਲੇਬੀ ਬਾਬਾ ਦੀ ਜੇਲ੍ਹ 'ਚ ਮੌਤ

**ਏਜੰਸੀਆਂ**

ਹਿਸਾਰ 11 ਮਈ। । ਹਰਿਆਣਾ ਦੇ ਹਿਸਾਰ ਦੀ ਕੇਂਦਰੀ ਜੇਲ੍ਹ-2 ਵਿਚ ਕੈਦ ਜਲੇਬੀ ਬਾਬਾ ਦੇ ਨਾਂ ਤੋਂ ਮਸ਼ਹੂਰ ਕੈਦੀ ਬਿੱਲੂ ਰਾਮ ਉਰਫ ਅਮਰਪੁਰੀ ਦੀ ਮੌਤ ਹੋ ਗਈ। ਜਲੇਬੀ ਬਾਬਾ 'ਤੇ 120 ਤੋਂ ਵੱਧ ਔਰਤਾਂ ਨਾਲ ਜਬਰ-ਜ਼ਿਨਾਹ ਦੀ ਵੀਡੀਓ ਬਣਾਉਣ ਦਾ ਦੋਸੀ ਸੀ।ਮੰਗਲਵਾਰ ਨੂੰ ਉਸ ਦੀ ਸਿਹਤ ਵਿਗੜ ਗਈ ਸੀ ਤਾਂ ਪੁਲਸ ਮੁਲਾਜਮ ਉਸ ਨੂੰ ਹਸਪਤਾਲ ਲੈ ਕੇ ਪਹੁੰਚੇ ਸਨ। ਉੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਦੱਸ ਦੇਈਏ ਕਿ ਜਲੇਬੀ ਬਾਬਾ ਜਬਰ-ਜ਼ਿਨਾਹ ਅਤੇ ਆਈ. ਟੀ. ਐਕਟ ਤਹਿਤ 14 ਸਾਲ ਦੀ ਸਜਾ ਕੱਟ ਰਿਹਾ ਸੀ। ਉਸ 'ਤੇ ਦੋਸ਼ ਸੀ ਕਿ ਉਸ ਨੇ ਕਈ ਔਰਤਾਂ ਨਾਲ ਜਬਰਨ ਸਰੀਰਕ ਸਬੰਧ ਬਣਾਏ ਸਨ। ਉਸ ਦੀਆਂ ਇਨ੍ਹਾਂ ਹਰਕਤਾਂ ਦੇ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋਏ ਸਨ। ਮਾਮਲਾ ਉਸ ਸਮੇਂ ਚਰਚਾ ਵਿਚ ਬਣਿਆ ਸੀ ਅਤੇ ਕੋਰਟ ਨੇ ਬਾਬਾ ਨੂੰ 14 ਸਾਲ ਦੀ ਸਜਾ ਸੁਣਾਈ ਸੀ। ਪੁਲਸ ਮੁਤਾਬਕ ਜੇਲ੍ਹ ਵਿਚ ਬਾਬਾ ਕਈ ਦਿਨਾਂ ਤੋਂ ਬੀਮਾਰ ਸੀ। ਉਸ ਨੂੰ ਅਗਰੋਹਾ ਮੈਡੀਕਲ ਕਾਲਜ ਲਿਆਂਦਾ ਗਿਆ ਤਾਂ ਉਸ ਦੀ ਸਿਹਤ ਵਿਚ ਸੁਧਾਰ ਹੋਇਆ। ਇਸ ਤੋਂ ਬਾਅਦ ਉਸ ਨੂੰ ਵਾਪਸ ਸੈਂਟਰਲ ਜੇਲ੍ਹ ਭੇਜ ਦਿੱਤਾ ਗਿਆ ਪਰ ਬੈਰਕ ਵਿਚ ਉਸ ਦੀ ਸਿਹਤ ਫਿਰ ਵਿਗੜ ਗਈ ਅਤੇ ਮੁੜ ਉਸ ਨੂੰ ਅਗਰੋਹਾ ਮੈਡੀਕਲ ਕਾਲਜ ਲਿਆਂਦਾ ਗਿਆ ਤਾਂ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ ਗਿਆ। ਪੁਲਸ ਪੁੱਛਗਿੱਛ ਦੌਰਾਨ ਜਲੇਬੀ ਬਾਬਾ ਨੇ ਦੱਸਿਆ ਕਿ ਉਹ ਆਪਣੇ ਕੋਲ ਆਉਣ ਵਾਲੀਆਂ ਔਰਤਾਂ ਨੂੰ ਵਰਗਲਾ ਕੇ ਚਾਹ ਵਿਚ ਨਸੀਲੀਆਂ ਗੋਲੀਆਂ ਪਿਲਾ ਕੇ ਉਨ੍ਹਾਂ ਨਾਲ ਘਿਨਾਉਣੀਆਂ ਹਰਕਤਾਂ ਕਰਦਾ ਸੀ। ਉਸ ਨੇ ਆਪਣੇ ਮੋਬਾਈਲ 'ਤੇ ਅਜਿਹੀਆਂ ਅਸ਼ਲੀਲ ਹਰਕਤਾਂ ਦੀਆਂ ਵੀਡੀਓ ਵੀ ਬਣਾਈਆਂ। ਬਾਅਦ ਵਿਚ ਉਹ ਉਨ੍ਹਾਂ ਨੂੰ ਬਲੈਕਮੇਲ ਕਰ ਕੇ ਪੈਸੇ ਵਸੂਲਦਾ ਸੀ। ਬਦਨਾਮੀ ਦੇ ਡਰੋਂ ਔਰਤਾਂ ਕਿਸੇ ਨੂੰ ਕੁਝ ਨਹੀਂ ਦੱਸ ਸਕਦੀਆਂ ਸਨ। 13 ਅਕਤੂਬਰ 2017 ਨੂੰ ਇਕ ਔਰਤ ਦੀ ਸ਼ਿਕਾਇਤ 'ਤੇ ਉਸ ਖਿਲਾਫ ਥਾਣਾ ਸਿਟੀ ਟੋਹਾਣਾ 'ਚ ਮਾਮਲਾ ਦਰਜ ਕੀਤਾ ਗਿਆ ਸੀ। ਇਸ ਤੋਂ ਬਾਅਦ 19 ਜੁਲਾਈ 2018 ਨੂੰ ਤਤਕਾਲੀ ਪ੍ਰਦੀਪ ਕੁਮਾਰ ਦੀ ਸ਼ਿਕਾਇਤ 'ਤੇ ਕੇਸ ਵੀ ਦਰਜ ਕੀਤਾ ਗਿਆ ਸੀ। ਮਾਮਲਾ ਦਰਜ ਕਰਨ ਤੋਂ ਬਾਅਦ ਜਦੋਂ ਪੁਲਸ ਬਾਬੇ ਨੂੰ ਗ੍ਰਿਫਤਾਰ ਕਰਨ ਪਹੁੰਚੀ ਤਾਂ ਮੌਕੇ ਤੋਂ ਚਿਮਟੇ, ਸੁਆਹ, ਨਸੀਲੀਆਂ ਗੋਲੀਆਂ, ਆਦਿ ਬਰਾਮਦ ਹੋਇਆ। ਇਸ ਤੋਂ ਇਲਾਵਾ ਬਾਬੇ ਦੇ ਮੋਬਾਈਲ 'ਚੋਂ ਕਰੀਬ 120 ਵੱਖ-ਵੱਖ ਔਰਤਾਂ ਨਾਲ ਸਰੀਰਕ ਸਬੰਧ ਬਣਾਉਣ ਦੀਆਂ ਵੀਡੀਓ ਵੀ ਬਰਾਮਦ ਹੋਈਆਂ ਹਨ।

## ਖੁੱਲ੍ਹੇ ਬੋਰਵੈੱਲ ਕਾਰਨ ਵਾਪਰਨ ਵਾਲੇ ਹਾਦਸੇ ਲਈ ਡਿਪਟੀ ਕਮਿਸ਼ਨਰ ਘਣਸ਼ਿਆਮ ਸਖਤ

ਅੰਮ੍ਰਿਤਸਰ 11 ਮਈ। ਖੁੱਲ੍ਹੇ ਬੋਰਵੈਲ ਬੱਚਿਆਂ ਦੀ ਸੁਰੱਖਿਆ ਅਤੇ ਧਰਤੀ ਹੇਠਲੇ ਪਾਣੀ ਨੂੰ ਦੂਸ਼ਿਤ ਕਰਨ ਦਾ ਕਾਰਨ ਬਣਦੇ ਹਨ, ਇਸ ਲਈ ਕਿਸੇ ਵੀ ਹਾਲਤ 'ਚ ਪਿੰਡ ਜਾਂ ਸ਼ਹਿਰ ਇਹ ਬੋਰਵੈੱਲ ਖੁੱਲ੍ਹੇ ਨਾ ਛੱਡੇ ਜਾਣ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਘਣਸ਼ਿਆਮ ਥੋਰੀ ਨੇ ਕਮਿਸ਼ਨਰ ਕਾਰਪੋਰੇਸ਼ਨ, ਸਮੂਹ ਐੱਸ. ਡੀ. ਐੱਮ, ਡੀ. ਡੀ. ਪੀ. ਓ., ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ, ਮੁੱਖ ਖੇਤੀਬਾੜੀ ਅਫ਼ਸਰ, ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੂੰ ਇਹ ਹਦਾਇਤ ਜਾਰੀ ਕਰਦਿਆਂ ਲਿਖਿਆ ਹੈ ਕਿ ਮਾਣਯੋਗ ਸੁਪਰੀਮ ਕੋਰਟ ਵੱਲੋਂ ਵੀ ਇਸ ਸਬੰਧੀ ਵਿਸ਼ੇਸ਼ ਹਦਾਇਤਾਂ ਆਪਣੇ 6 ਅਗਸਤ 2010 ਦੇ ਹੁਕਮਾਂ 'ਚ ਜਾਰੀ ਕੀਤੀਆਂ ਗਈਆਂ ਹਨ, ਜਿਨ੍ਹਾਂ ਦੀ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ। ਡਿਪਟੀ ਕਮਿਸ਼ਨਰ ਨੇ ਹਦਾਇਤ ਕੀਤੀ ਕਿ ਇਨ੍ਹਾਂ ਖੁੱਲ੍ਹੇ ਬੋਰਵੈੱਲ ਦੇ ਖਤਰਿਆਂ ਤੋਂ ਲੋਕਾਂ ਅਤੇ ਕਿਸਾਨਾਂ ਨੂੰ ਜਾਣੂ ਕਰਵਾਇਆ ਜਾਵੇ ਤਾਂ ਜੋ ਉਹ ਆਪਣੇ ਬੋਰਵੈੱਲ ਖੁੱਲ੍ਹੇ ਨਾ ਛੱਡਣ। ਉਨ੍ਹਾਂ ਕਿਹਾ ਕਿ ਸਬੰਧਤ ਵਿਭਾਗ ਅਜਿਹੇ ਬੋਰਵੈੱਲਾਂ ਦੀ ਪਛਾਣ ਕਰਨ ਲਈ ਖੇਤਰੀ ਪੱਧਰ 'ਤੇ ਉਪਰਾਲੇ ਕਰੇ। ਉਨ੍ਹਾਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੇ ਅਧਿਕਾਰੀਆਂ ਨੂੰ ਲਿਖਿਆ ਕਿ ਉਹ ਯਕੀਨੀ ਬਣਾਵੇ ਕਿ ਕਿਸਾਨਾਂ ਵੱਲੋਂ ਆਪਣੇ ਖੇਤਾਂ ਵਿਚ ਕੋਈ ਵੀ ਬੋਰਵੈਲ ਖੁੱਲ੍ਹਾ ਨਹੀਂ ਛੱਡਿਆ ਗਿਆ ਹੈ। ਇਸ ਤੋਂ ਇਲਾਵਾ ਗ੍ਰਾਮ ਪੰਚਾਇਤਾਂ ਦੇ ਮੈਂਬਰ ਅਤੇ ਪੰਚਾਇਤ ਸਕੱਤਰ ਪਿੰਡਾਂ ਵਿਚ ਅਜਿਹੇ ਖੁੱਲ੍ਹੇ ਬੋਰਵੈੱਲ ਨੂੰ ਤੁਰੰਤ ਬੰਦ ਕਰਵਾਉਣ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇਕਰ ਖੁੱਲ੍ਹੇ ਬੋਰਵੈੱਲ ਕਾਰਨ ਕੋਈ ਹਾਦਸਾ ਵਾਪਰਦਾ ਹੈ ਤਾਂ ਸਬੰਧਤ ਜਮੀਨ ਮਾਲਕ ਖਿਲਾਫ਼ ਭਾਰਤੀ ਪੈਨਲ ਕੋਡ ਦੀਆਂ ਧਾਰਾਵਾਂ ਅਧੀਨ ਕਾਨੂੰਨੀ ਕਾਰਵਾਈ ਅਤੇ ਜੁਰਮਾਨਾ ਕੀਤਾ ਜਾਵੇਗਾ।

## ਪਤੀ ਨੇ ਪਤਨੀ ਅਤੇ ਬੱਚਿਆਂ ਨੂੰ ਘਰੋਂ ਕੱਢਿਆ, ਘਰ ਛੱਡਣ ਆਏ ਸਹੁਰੇ 'ਤੇ ਕਹੀ ਨਾਲ ਕੀਤਾ ਹਮਲਾ

ਜ਼ੀਰਾ 11 ਮਈ। ਜ਼ੀਰਾ ਵਿਖੇ ਇਕ ਕਲਯੁੱਗੀ ਜਵਾਈ ਵੱਲੋਂ ਆਪਣੇ ਸਹੁਰੇ 'ਤੇ ਕਹੀ ਨਾਲ ਜਾਨਲੇਵਾ ਹਮਲਾ ਕਰਕੇ ਉਸ ਨੂੰ ਜ਼ਖਮੀ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧ ਵਿਚ ਥਾਣਾ ਸਦਰ ਜ਼ੀਰਾ ਪੁਲਸ ਨੇ ਉਕਤ ਵਿਅਕਤੀ ਖ਼ਿਲਾਫ 324, 323 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਇਸ ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਸੁਰਜੀਤ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਨੇੜੇ ਫਾਟਕ ਨੰਬਰ 9 ਦਾਣਾ ਮੰਡੀ ਕੋਟ ਵਿਧਾਵਾ ਸਿੰਘ ਫਾਟਕ ਦੇ ਨਾਲ ਸੁਲਤਾਨ ਵਿੰਡ ਸ੍ਰੀ ਅੰਮ੍ਰਿਤਸਰ ਸਾਹਿਬ ਨੇ ਦੱਸਿਆ ਕਿ ਉਸ ਦੀ ਕੁੜੀ ਸੁਮਨਪ੍ਰੀਤ ਕੌਰ ਦਾ ਵਿਆਹ ਦੋਸ਼ੀ ਗੁਰਜੰਟ ਸਿੰਘ ਪੁੱਤਰ ਲਖਵੀਰ ਸਿੰਘ ਪਿੰਡ ਢੰਡੀਆਂ ਖੁਰਦ ਨਾਲ ਕਰੀਬ 3 ਸਾਲ ਪਹਿਲਾਂ ਹੋਇਆ ਸੀ। ਸੁਰਜੀਤ ਸਿੰਘ ਨੇ ਦੱਸਿਆ ਕਿ ਉਸ ਦਾ ਜਵਾਈ ਗੁਰਜੰਟ ਸਿੰਘ ਸੁਮਨਪ੍ਰੀਤ ਕੌਰ ਨਾਲ ਅਕਸਰ ਹੀ ਲੜਾਈ-ਝਗੜਾ ਕਰਕੇ ਉਸ ਨੂੰ ਘਰੋਂ ਕੱਢ ਦਿੰਦਾ ਸੀ। ਮਿਤੀ 5 ਮਈ 2024 ਨੂੰ ਵੀ ਉਸ ਨੇ ਸੁਮਨਪ੍ਰੀਤ ਕੌਰ ਤੇ ਉਸ ਦੇ ਬੱਚਿਆਂ ਨਾਲ ਲੜਾਈ-ਝਗੜਾ ਕਰਕੇ ਘਰੋਂ ਕੱਢ ਦਿੱਤਾ ਸੀ। ਇਸ ਦੌਰਾਨ ਜਦੋਂ ਉਹ ਸੁਮਨਪ੍ਰੀਤ ਕੌਰ ਨੂੰ ਉਸ ਦੇ ਘਰ ਛੱਡਣ ਆਏ ਤਾਂ ਦੋਸ਼ੀ ਗੁਰਜੰਟ ਸਿੰਘ ਉਹਨਾਂ ਨਾਲ ਗਾਲੀ ਗਲੋਚ ਕਰਨ ਲੱਗ ਪਿਆ। ਇਸ ਦੌਰਾਨ ਉਸ ਨੇ ਨੇੜੇ ਪਈ ਕਹੀ ਨੂੰ ਚੁੱਕ ਕੇ ਉਸ 'ਤੇ ਜਾਨਲੇਵਾ ਹਮਲਾ ਕਰ ਦਿੱਤਾ, ਜੋ ਉਸ ਦੇ ਨੱਕ ਅਤੇ ਡੋਲੇ 'ਤੇ ਲੱਗਾ। ਸੁਰਜੀਤ ਸਿੰਘ ਨੇ ਦੱਸਿਆ ਕਿ ਉਸ ਵੱਲੋਂ ਰੌਲਾ ਪਾਉਣ 'ਤੇ ਦੋਸ਼ੀ ਮੌਕੇ ਤੋਂ ਫਰਾਰ ਹੋ ਗਿਆ। ਸੁਰਜੀਤ ਸਿੰਘ ਨੇ ਦੱਸਿਆ ਕਿ ਉਸ ਦਾ ਇਲਾਜ ਸਿਵਲ ਹਸਪਤਾਲ ਜ਼ੀਰਾ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਬਲਜਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀ ਖ਼ਿਲਾਫ ਮਾਮਲਾ ਦਰਜ ਕਰ ਲਿਆ ਹੈ।

# ਲੋਕ ਸਭਾ ਚੋਣਾਂ ਦੌਰਾਨ 'ਕੈਪਟਨ ਸਾਹਿਬ' ਪੂਰੀ ਤਰ੍ਹਾਂ ਗਾਇਬ, ਪੁੱਤਰ ਨੇ ਸੰਭਾਲੀ ਭਾਜਪਾ ਦੇ ਪ੍ਰਚਾਰ ਦੀ ਕਮਾਨ

**ਏਜੰਸੀਆਂ**

ਲੁਧਿਆਣਾ 11 ਮਈ। । ਲੋਕਸਭਾ ਚੋਣਾਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਦੇ ਪੂਰੀ ਤਰ੍ਹਾਂ ਗਾਇਬ ਰਹਿਣ ਨੂੰ ਲੈ ਕੇ ਉੱਠ ਰਹੇ ਸਵਾਲਾਂ ਦੇ ਵਿਚਕਾਰ ਉਨ੍ਹਾਂ ਦੇ ਬੇਟੇ ਰਣਇੰਦਰ ਸਿੰਘ ਨੇ ਭਾਜਪਾ ਦੇ ਪ੍ਰਚਾਰ ਦੀ ਕਮਾਨ ਸੰਭਾਲ ਲਈ ਹੈ। ਜਾਣਕਾਰੀ ਮੁਤਾਬਕ ਭਾਜਪਾ ਦੇ ਉਮੀਦਵਾਰਾਂ ਵੱਲੋਂ ਕੈਪਟਨ ਨੂੰ ਉਨ੍ਹਾਂ ਦੇ ਹੱਕ 'ਚ ਪ੍ਰਚਾਰ ਲਈ ਭੇਜਣ ਦੀ ਮੰਗ ਕੀਤੀ ਜਾ ਰਹੀ ਹੈ ਪਰ ਕੈਪਟਨ ਹੁਣ ਤੱਕ ਪਟਿਆਲਾ ਤੋਂ ਚੋਣ ਲੜ ਰਹੀ ਆਪਣੀ ਪਤਨੀ ਪਰਨੀਤ ਕੌਰ ਦੇ ਪ੍ਰਚਾਰ ਲਈ ਵੀ ਨਹੀਂ ਪੁੱਜੇ ਹਨ। ਭਾਵੇਂ ਕੈਪਟਨ ਨੂੰ ਲੈ ਕੇ ਇਹ ਕਿਹਾ ਜਾ ਰਿਹਾ ਹੈ ਕਿ ਇਕ-ਅੱਧਾ ਦਿਨ 'ਚ ਪਟਿਆਲਾ ਪੁੱਜ ਕੇ ਲੋਕ ਸਭਾ ਚੋਣ ਤੱਕ ਉਥੇ ਰਹਿਣਗੇ ਪਰ ਇਸ ਤੋਂ ਪਹਿਲਾਂ ਪੰਜਾਬ ਦੇ ਬਾਕੀ ਹਿੱਸਿਆਂ 'ਚ ਉਨ੍ਹਾਂ ਨਾਲ ਪਹਿਲਾਂ ਕਾਂਗਰਸ ਛੱਡਣ ਅਤੇ ਫਿਰ ਭਾਜਪਾ 'ਚ ਸ਼ਾਮਲ ਹੋਣ ਵਾਲੇ ਜ਼ਿਆਦਾਤਰ ਨੇਤਾਵਾਂ ਵੱਲੋਂ ਹੁਣ ਤੱਕ ਖੁੱਲ੍ਹ ਕੇ ਪਾਰਟੀ ਦੇ ਉਮੀਦਵਾਰਾਂ ਦਾ ਸਾਥ ਨਾ ਦੇਣ ਦੀ ਸ਼ਿਕਾਇਤ ਹਾਈਕਮਾਨ ਤੱਕ ਪੁੱਜ ਗਈ ਹੈ। ਜਿਥੋਂ ਘੰਟੀ ਖੜਕਣ ਤੋਂ ਬਾਅਦ ਜਿਥੇ ਕੈਪਟਨ ਦੀ ਬੇਟੀ ਵਲੋਂ ਮਹਿਲਾ ਮੋਰਚਾ ਦੀ ਪ੍ਰਦੇਸ਼ ਪ੍ਰਧਾਨ ਦੇ ਰੂਪ 'ਚ ਸੂਬੇ ਦੇ ਕਈ ਹਿੱਸਿਆਂ 'ਚ ਭਾਜਪਾ ਵਰਕਰਾਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਉਥੇ ਮੰਗਲਵਾਰ ਨੂੰ ਰਣਇੰਦਰ ਵੀ ਫੀਲਡ 'ਚ ਦੇਖਣ ਨੂੰ ਮਿਲੇ, ਜਿਨ੍ਹਾਂ ਵੱਲੋਂ ਲੁਧਿਆਣਾ ਪੁੱਜ ਕੇ ਕੈਪਟਨ ਖੇਮੇ ਦੇ ਨੇਤਾਵਾਂ ਨਾਲ ਮੀਟਿੰਗ ਕੀਤੀ ਅਤੇ ਉਨ੍ਹਾਂ ਨੂੰ ਭਾਜਪਾ ਦੇ ਉਮੀਦਵਾਰਾਂ ਦੀ ਮਦਦ ਦਾ ਕਰਨ ਦਾ ਮੈਸੇਜ ਦਿੱਤਾ ਗਿਆ। ਇਸ ਦੌਰਾਨ ਹੋਰਾਂ ਦੇ ਇਲਾਵਾ ਸਾਬਕਾ ਐੱਮ.ਪੀ. ਅਮਰੀਕ ਸਿੰਘ ਆਲੀਵਾਲ, ਸਾਬਕਾ ਵਿਧਾਇਕ ਪ੍ਰੇਮ ਮਿੱਤਲ, ਅਮਰਜੀਤ ਸਿੰਘ ਟਿੱਕਾ, ਅੰਕਿਤ ਬਾਂਸਲ, ਦਮਨਜੀਤ ਮੋਹੀ ਆਦਿ ਮੌਜੂਦ ਸਨ। ਰਣਇੰਦਰ ਨੇ ਕਿਸਾਨਾਂ ਵੱਲੋਂ ਭਾਜਪਾ ਦਾ ਵਿਰੋਧ ਕਰਨ ਨੂੰ ਲੈ ਕੇ ਕਿਹਾ ਕਿ ਇਹ ਕੋਈ



ਸੂਬੇ ਦੀ ਚੋਣ ਨਹੀਂ ਹੈ ਅਤੇ ਕਾਂਗਰਸ ਇਸ ਸਮੇਂ 'ਚ ਕਿਸੇ ਵੀ ਮਦਦ ਕਰਨ ਦੀ ਸਥਿਤੀ 'ਚ ਨਹੀਂ ਹੈ। ਉਨ੍ਹਾਂ ਕਿਹਾ ਕਿ ਪੀ.ਐੱਮ. ਨਰਿੰਦਰ ਮੋਦੀ ਦੇ ਹੱਥ ਮਜ਼ਬੂਤ ਕਰਨ ਨਾਲ ਹੀ ਪੰਜਾਬ ਦੇ ਲੋਕਾਂ ਦਾ ਫਾਇਦਾ ਹੋਵੇਗਾ ਅਤੇ ਸਮੱਸਿਆਵਾਂ ਦਾ ਹੱਲ ਕੀਤਾ ਜਾ ਸਕਦਾ ਹੈ।

## ਜਲੰਧਰ 'ਚ ਆਹਮੋ-ਸਾਹਮਣੇ ਹੋ ਗਏ ਅਕਾਲੀ-ਕਾਂਗਰਸੀ, ਇਕ ਦੂਜੇ ਲਈ ਵਰਤੀ ਭੱਦੀ ਸ਼ਬਦਾਵਲੀ

ਜਲੰਧਰ 11 ਮਈ। ਪੰਜਾਬ ਵਿਚ ਇਕ ਜੂਨ ਨੂੰ ਪੈ ਰਹੀਆਂ ਲੋਕ ਸਭਾ ਚੋਣਾਂ ਸਬੰਧੀ ਅੱਜ ਉਮੀਦਵਾਰਾਂ ਵੱਲੋਂ ਨਾਮਜਦਗੀ ਪੱਤਰ ਭਰੇ ਗਏ ਹਨ। ਉਥੇ ਹੀ ਦੂਜੇ ਪਾਸੇ ਇਸ ਦੌਰਾਨ ਅਕਾਲੀ ਦਲ ਅਤੇ ਕਾਂਗਰਸੀ ਸਮਰਥਕ ਆਹਮੋ-ਸਾਹਮਣੇ ਹੁੰਦੇ ਵਿਖਾਈ ਦਿੱਤੇ। ਦਰਅਸਲ ਮਾਮਲਾ ਉਦੋਂ ਵਿਗੜਿਆ ਜਦੋਂ ਬੀਬੀ ਨੇ ਕਿਹਾ ਕਿ ਸਾਡਾ ਲੀਡਰ ਪੰਥਕ ਹੈ ਅਤੇ ਅਸੀਂ ਪੰਥਕ ਪਾਰਟੀ ਹਾਂ। ਇਸ ਤੋਂ ਬਾਅਦ ਮਾਹੌਲ ਵਿਗੜ ਗਿਆ। ਕਾਂਗਰਸੀ ਸਮਰਥਕ ਖੁਸ਼ਵਿੰਦਰ ਸਿੰਘ ਨੇ ਦੋਸ਼ ਲਾਉਂਦੇ ਹੋਏ ਕਿਹਾ ਕਿ ਅਕਾਲੀ ਆਪਣੇ ਆਪ ਨੂੰ ਪੰਥਕ ਪਾਰਟੀ ਕਹਾਉਂਦੇ ਹਨ। ਇਹ ਸਾਬਤ ਕੀ ਕਰਨਾ ਚਾਹੁੰਦੇ ਹਨ। ਆਪਣੇ ਆਪ ਨੂੰ ਪੰਥਕ ਕਹਾਉਣ ਵਾਲੇ ਅਕਾਲੀਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ਗਲੀਆਂ ਵਿਚ ਰੋਲੇ ਗਏ ਹਨ। ਖੁਸ਼ਵਿੰਦਰ ਸਿੰਘ ਵੱਲੋਂ ਅਕਾਲੀਆਂ 'ਤੇ ਰਮਾਲੇ ਵਿਚੋਂ ਪੈਸੇ ਖਾਣ, ਗੋਲਕਾਂ ਦੇ ਪੈਸੇ ਖਾਣ, ਚਿੱਟੇ ਦੇ ਵਪਾਰੀ ਹੋਣ ਸਬੰਧੀ ਗੰਭੀਰ ਇਲਜਾਮ ਲਾਏ ਗਏ। ਇਸ ਤੋਂ ਇਲਾਵਾ ਅਕਾਲੀ ਅਤੇ ਕਾਂਗਰਸ ਪਾਰਟੀ ਇਕ ਦੂਜੇ ਲਈ ਭੱਦੀ ਸ਼ਬਦਾਵਲੀ ਦੀ ਵਰਤੋਂ ਕਰਦੇ ਨਜਰ ਆਏ। ਇਸ ਦੌਰਾਨ ਮੌਕੇ ਉਤੇ ਪਹੁੰਚੀ ਪੁਲਸ ਵੱਲੋਂ ਮਾਮਲੇ ਨੂੰ ਸ਼ਾਂਤ ਕਰਵਾਇਆ ਗਿਆ।

## ਐਡਵੋਕੇਟ ਧਾਮੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਕੀਰਤਨ ਪ੍ਰਸਾਰਣ ਲਈ ਐਪਲ ਅਧਾਰਿਤ ਐਪ ਕੀਤੀ ਜਾਰੀ

**ਏਜੰਸੀਆਂ**

ਅੰਮ੍ਰਿਤਸਰ 11 ਮਈ। । ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਪ੍ਰਸਾਰਣ ਹੁੰਦਾ ਗੁਰਬਾਣੀ ਕੀਰਤਨ ਹੁਣ ਐਪਲ ਦੇ ਫੋਨ, ਲੈਪਟਾਪ, ਆਈ-ਪੈਡ ਅਤੇ ਕੰਪਿਊਟਰ 'ਚ ਸੁਣ



ਸਕਣਗੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਦੀ ਅਧਿਕਾਰਤ ਐਪਲ ਆਈ. ਓ. ਐੱਸ. ਅਧਾਰਿਤ ਐਪਲੀਕੇਸ਼ਨ ਜਾਰੀ ਕੀਤੀ ਹੈ। ਇਸ ਐਪ ਦਾ ਨਾਮ 'ਐੱਸ. ਜੀ. ਪੀ. ਸੀ. ਗੁਰਬਾਣੀ ਕੀਰਤਨ' ਹੈ, ਜੋ ਕਿ ਐਪਲ ਐਪਲੀਕੇਸ਼ਨ ਸਟੋਰ ਤੋਂ ਸ਼ਰਧਾਲੂ ਡਾਊਨਲੋਡ ਕਰ ਸਕਣਗੇ। ਐਪ ਜਾਰੀ ਕਰਨ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪੂਰੇ ਵਿਸ਼ਵ ਦੀਆਂ ਸੰਗਤਾਂ ਲਈ ਆਸਥਾ ਦਾ ਕੇਂਦਰ ਹੈ ਅਤੇ ਹਰ ਸ਼ਰਧਾਲੂ ਦੀ ਇਸ ਪਾਵਨ ਅਸਥਾਨ ਤੋਂ ਗੁਰਬਾਣੀ ਕੀਰਤਨ ਸਰਵਣ ਕਰਨ ਦੀ ਤਾਂਘ ਹੁੰਦੀ ਹੈ। ਸੰਗਤ ਦੀ ਇਸ ਭਾਵਨਾ ਦਾ ਸਤਿਕਾਰ ਕਰਦਿਆਂ ਐਪ ਜਾਰੀ ਕੀਤੀ ਗਈ ਹੈ, ਕਿਉਂਕਿ ਮੌਜੂਦਾ ਸਮੇਂ ਹਰ ਵਿਅਕਤੀ ਮੋਬਾਈਲ ਆਦਿ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਐਪਲ ਦੇ ਫੋਨ ਰੱਖਣ ਵਾਲਿਆਂ ਲਈ ਅੱਜ ਜਾਰੀ ਕੀਤੀ ਇਸ ਗੁਰਬਾਣੀ ਐਪ ਤੋਂ ਪਹਿਲਾਂ ਐਂਡ੍ਰਾਇਡ ਫੋਨ ਵਰਤਣ ਵਾਲਿਆਂ ਵਾਸਤੇ ਵੀ ਐਪ ਕਾਰਜਸ਼ੀਲ ਹੈ, ਜਿਸ ਨੂੰ ਸੰਗਤ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਐਡਵੋਕੇਟ ਧਾਮੀ ਨੇ ਸੰਗਤ ਨੂੰ ਅਪੀਲ ਕੀਤੀ ਕਿ ਉਹ ਇਸ ਅਧਿਕਾਰਤ ਐਪ ਦੀ ਵਰਤੋਂ ਕਰਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਰੋਜ਼ਾਨਾ ਹੋਣ ਵਾਲੇ ਪੂਰੇ ਦਿਨ ਦਾ ਸਿੱਧਾ ਆਡੀਓ ਪ੍ਰਸਾਰਣ ਸਰਵਣ ਕਰਨ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਸ. ਸੁਰਜੀਤ ਸਿੰਘ ਭਿੱਟੇਵਡ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਸਕੱਤਰ ਸ. ਪ੍ਰਤਾਪ ਸਿੰਘ, ਓਐਸਡੀ ਸ. ਸਤਬੀਰ ਸਿੰਘ ਧਾਮੀ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਮੀਤ ਸਕੱਤਰ ਪ੍ਰੋ. ਸੁਖਦੇਵ ਸਿੰਘ ਵੀ ਹਾਜ਼ਰ ਸਨ।

# ਬੇਹੋਸ਼ ਕਰਨ ਵਾਲੀ ਭਿਆਨਕ ਗਰਮੀ, ਬਿਜਲੀ ਦੀ ਖਰਾਬੀ ਸਬੰਧੀ 5000 ਤੋਂ ਵੱਧ ਸ਼ਿਕਾਇਤਾਂ

**ਸਰਦੂਲ ਸਿੰਘ**

ਜਲੰਧਰ 11 ਮਈ। । ਇਕ ਦਿਨ ਪਹਿਲਾਂ ਤਾਪਮਾਨ 41 ਡਿਗਰੀ ਰਿਕਾਰਡ ਹੋਇਆ ਸੀ ਅਤੇ 24 ਘੰਟੇ ਤੋਂ ਪਹਿਲਾਂ ਹੀ ਤਾਪਮਾਨ ਵਿਚ ਇਕ ਡਿਗਰੀ ਦਾ ਵਾਧਾ ਦਰਜ ਹੋਇਆ ਹੈ, ਜਿਸ ਨਾਲ ਤਾਪਮਾਨ 42 ਡਿਗਰੀ ਨੂੰ ਛੂਹ ਚੁੱਕਾ ਹੈ। ਆਲਮ ਇਹ ਬਣਿਆ ਹੋਇਆ ਹੈ ਕਿ 42 ਡਿਗਰੀ ਵਿਚ ਬੇਹੋਸ਼ ਕਰਨ ਵਾਲੀ ਭਿਆਨਕ ਗਰਮੀ ਪੈਣੀ ਸ਼ੁਰੂ ਹੋ ਚੁੱਕੀ ਹੈ, ਜਿਸ ਨਾਲ ਲੋਕ ਘਰਾਂ ਵਿਚ ਬੈਠਣ 'ਤੇ ਮਜਬੂਰ ਹੋ ਚੁੱਕੇ ਹਨ। ਇਸ ਕਾਰਨ ਦੁਪਹਿਰ ਦੇ ਸਮੇਂ ਬਾਜਾਰ ਵਿਚ ਰੌਣਕ ਘਟ ਰਹੀ ਹੈ। ਉਥੇ ਹੀ, ਗਰਮੀ ਵਧਣ ਨਾਲ ਬਿਜਲੀ ਦੀ ਵਰਤੋਂ ਵਿਚ ਅਚਾਨਕ ਵਾਧਾ ਦਰਜ ਹੋਇਆ ਹੈ ਅਤੇ ਲੋਡ ਵਧਣ ਕਾਰਨ ਫਾਲਟ ਪੈਣ ਦੇ ਕੇਸਾਂ ਵਿਚ ਵਾਧਾ ਦਰਜ ਹੋਇਆ ਹੈ। ਇਸੇ ਲੜੀ ਵਿਚ ਅੱਜ ਜਲੰਧਰ ਜੋਨ ਅਧੀਨ 5000 ਤੋਂ ਵੱਧ ਫਾਲਟ ਪੈਣ ਦੀ ਸੂਚਨਾ ਮਿਲੀ ਹੈ। ਇਸ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਉਠਾਉਣੀ ਪਈ ਅਤੇ ਲੋਕ ਤ੍ਰਾਹ-ਤ੍ਰਾਹ ਕਰ ਉੱਠੇ। ਇਨ੍ਹਾਂ ਸ਼ਿਕਾਇਤਾਂ ਨਾਲ ਨਜਿੱਠਣ ਲਈ ਵਿਭਾਗੀ ਕਰਮਚਾਰੀਆਂ ਨੂੰ ਬਹੁਤ ਮੁਸ਼ੱਕਤ ਕਰਨੀ ਪਈ। ਦੂਜੇ ਪਾਸੇ ਰਿਪੇਅਰ ਦੇ ਨਾਂ 'ਤੇ ਕਈ ਇਲਾਕਿਆਂ ਵਿਚ 4-5 ਘੰਟੇ ਤੋਂ ਲੈ ਕੇ 7-8 ਘੰਟਿਆਂ ਤਕ ਬਿਜਲੀ ਬੰਦ ਰੱਖਣੀ ਪਈ। ਭਿਆਨਕ ਗਰਮੀ ਵਿਚਕਾਰ ਘਰਾਂ ਵਿਚ ਬੈਠੇ ਲੋਕਾਂ ਲਈ ਏ. ਸੀ. ਇਕਲੌਤਾ ਸਹਾਰਾ ਸਾਬਿਤ ਹੋ ਰਿਹਾ ਹੈ। ਫਾਲਟ ਪੈਣ ਨਾਲ ਏ. ਸੀ. ਬੰਦ ਹੋ ਜਾਂਦੇ ਹਨ ਅਤੇ ਲੋਕਾਂ ਦੀ ਪ੍ਰੇਸ਼ਾਨੀ ਵਧ ਜਾਂਦੀ ਹੈ। ਸ਼ਹਿਰ ਦੇ ਮੁੱਖ ਇਲਾਕਿਆਂ, ਦਿਹਾਤੀ ਅਤੇ ਨੇੜਲੇ ਛੋਟੇ ਸ਼ਹਿਰਾਂ ਵਿਚ ਰੋਜਾਨਾ ਲੱਗਣ ਵਾਲੇ ਅਣਐਲਾਨੇ ਕੱਟਾਂ ਨਾਲ ਜਨਤਾ ਹਾਲੋ-ਬੇਹਾਲ ਹੋ ਰਹੀ ਹੈ। ਲੋਕਾਂ ਦਾ ਕਹਿਣਾ ਹੈ ਕਿ ਸਮੇਂ 'ਤੇ ਫਾਲਟ ਠੀਕ ਨਾ ਹੋਣ ਕਾਰਨ ਉਨ੍ਹਾਂ ਦੀਆਂ ਪ੍ਰੇਸ਼ਾਨੀਆ ਵਿਚ ਇਜਾਫਾ ਹੁੰਦਾ ਹੈ, ਇਸ ਲਈ ਵਿਭਾਗ ਨੂੰ ਇਸ ਸਮੱਸਿਆ ਦਾ ਪੱਕਾ ਹੱਲ ਕੱਢਣਾ ਚਾਹੀਦਾ ਹੈ। ਟਰਾਂਸਫਾਰਮਰ ਵਿਚ ਫਾਲਟ ਪੈਣ ਅਤੇ ਤਾਰਾਂ ਸੜ ਜਾਣ ਸਬੰਧੀ ਜ਼ਿਆਦਾ ਸ਼ਿਕਾਇਤਾਂ ਸਾਹਮਣੇ ਆ ਰਹੀਆਂ ਹਨ। ਵੇਖਣ ਵਿਚ ਆ ਰਿਹਾ ਹੈ ਕਿ ਓਵਰਲੋਡ ਕਾਰਨ ਟਰਾਂਸਫਾਰਮਰ ਵਿਚ ਖਰਾਬੀ ਆ ਜਾਂਦੀ ਹੈ, ਜਿਸ ਤੋਂ ਬਾਅਦ ਲੋਕ ਸ਼ਿਕਾਇਤਾ ਲਿਖਵਾਉਂਦੇ ਰਹਿੰਦੇ ਹਨ ਅਤੇ ਫਾਲਟ ਠੀਕ ਹੋਣ ਦੀ ਘੰਟਿਆਂਬੱਧੀ ਉਡੀਕ ਕਰਦੇ ਰਹਿੰਦੇ ਹਨ। ਕਈ ਇਲਾਕਿਆਂ ਦਾ ਲੋਕਾਂ ਦਾ ਕਹਿਣਾ ਹੈ ਕਿ ਟਰਾਂਸਫਾਰਮਰ ਵਿਚ ਖਰਾਬੀ ਕਾਰਨ ਦਿਨ ਸਮੇਂ ਕਈ ਵਾਰ ਫਾਲਟ ਪੈ ਰਿਹਾ ਹੈ। ਇਸ ਕਾਰਨ ਕਈ ਘੰਟੇ ਬਿਜਲੀ ਕਰਮਚਾਰੀਆਂ ਦੀ ਉਡੀਕ ਕਰਨ ਵਿਚ ਅਜਾਈਂ ਹੋ ਜਾਂਦੇ ਹਨ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਫਾਲਟ ਸਮੇਂ 'ਤੇ ਠੀਕ ਨਾ ਹੋਣ ਨਾਲ ਲੋਕਾਂ ਵਿਚ ਰੋਸ ਵਧਦਾ ਜਾ ਰਿਹਾ ਹੈ। ਗਰਮੀ ਦੀ ਗੱਲ ਕੀਤੀ ਜਾਵੇ ਤਾਂ ਇਸ ਸਮੇਂ ਬੇਹੋਸ਼ ਕਰਨ ਵਾਲੀ ਗਰਮੀ ਪੈ ਰਹੀ ਹੈ। ਵੱਖ-ਵੱਖ ਇਲਾਕਿਆਂ ਤੋਂ ਮਿਲੀਆਂ



ਸੂਚਨਾਵਾਂ ਮੁਤਾਬਕ ਦੋਪਹੀਆ ਵਾਹਨ ਚਾਲਕਾਂ ਨੂੰ ਗਰਮੀ ਕਾਰਨ ਭਾਰੀ ਪ੍ਰੇਸ਼ਾਨੀਆਂ ਪੇਸ਼ ਆ ਰਹੀਆਂ ਹਨ। ਕਈ ਲੋਕ ਬੇਹੋਸ਼ ਹੋ ਰਹੇ ਹਨ ਅਤੇ ਹਸਪਤਾਲ ਪਹੁੰਚ ਰਹੇ ਹਨ। 1912 ਸ਼ਿਕਾਇਤ ਕੇਂਦਰ ਦਾ ਨੰਬਰ ਨਾ ਮਿਲ ਪਾਉਣਾ ਲੋਕਾਂ ਲਈ ਪ੍ਰੇਸ਼ਾਨੀ ਦਾ ਕਾਰਨ ਬਣ ਰਿਹਾ ਹੈ। ਇਸ ਕਾਰਨ ਲੋਕ ਆਪਣੇ ਇਲਾਕੇ ਦੇ ਕੰਪਲੇਂਟ ਸੈਂਟਰ 'ਤੇ ਸ਼ਿਕਾਇਤ ਦਰਜ ਕਰਵਾ ਸਕਦੇ ਹਨ। ਇਸਦੇ ਲਈ ਮਾਡਲ ਟਾਊਨ ਡਵੀਜਨ ਦੇ ਨੋਡਲ ਸ਼ਿਕਾਇਤ ਨੰਬਰ 96461-16777, ਆਬਾਦਪੁਰਾ ਦੇ 96461-16783, ਵਡਾਲਾ ਚੌਕ ਦੇ 96461-16271, ਬਸਤੀ ਗੁਜਾਂ ਦੇ 96461-16311, ਸਰਜੀਕਲ ਕੰਪਲੈਕਸ ਦੇ ਸਰਕਾਰੀ ਨੰਬਰ 96461-14329 'ਤੇ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ। ਇਸੇ ਤਰ੍ਹਾਂ ਨਾਲ ਵੈਸਟ ਡਵੀਜਨ ਮਕਸੂਦਾਂ ਦੇ ਖਪਤਕਾਰ ਨੋਡਲ ਸ਼ਿਕਾਇਤ ਨੰਬਰ 96461-16776, ਪਟੇਲ ਚੌਕ ਦੇ 96461-16275, ਆਦਰਸ਼ ਨਗਰ 96461-16768, ਫਗਵਾੜਾ ਗੇਟ ਦੇ 96461-16791, ਟਾਂਡਾ ਰੋਡ ਦੇ 96461-16793, ਚਿਲਡਰਨ ਪਾਰਕ ਵਾਲੇ 96461-16771 'ਤੇ ਸ਼ਿਕਾਇਤ ਕੀਤੀ ਜਾ ਸਕਦੀ ਹੈ। ਈਸਟ ਦੇ ਨੋਡਲ ਸ਼ਿਕਾਇਤ ਨੰਬਰ 96466-95106, ਜਦਕਿ ਕੈਂਟ ਦੇ 96461-14254 'ਤੇ ਸ਼ਿਕਾਇਤਾਂ ਦਰਜ ਕਰਵਾਈਆਂ ਜਾ ਸਕਦੀਆਂ ਹਨ। ਦੂਜੇ ਪਾਸੇ ਪਾਵਰਕਾਮ ਵੱਲੋਂ ਪੈਡੀ ਦੇ ਮੱਦੇਨਜਰ ਕੰਟਰੋਲ ਰੂਮ ਸਥਾਪਤ ਕੀਤੇ ਗਏ ਹਨ, ਜਿਸ ਤਹਿਤ ਜਲੰਧਰ ਜੋਨ ਦੇ ਖਪਤਕਾਰ 96461-16679, 96461-14414, 0181-2220924 'ਤੇ ਸੰਪਰਕ ਕਰ ਸਕਦੇ ਹਨ। ਬਜੁਰਗਾਂ, ਬੀਮਾਰਾਂ ਅਤੇ ਬੱਚਿਆਂ ਨੂੰ ਧੁੱਪ ਵਿਚ ਨਾ ਜਾਣ ਦੀ ਐਡਵਾਈਜਰੀ ਜਾਰੀ ਕੀਤੀ ਗਈ ਹੈ ਪਰ ਪੰਜਾਬ ਵਿਚ ਸਿੱਖਿਆ ਵਿਭਾਗ ਨੇ ਛੋਟੇ ਬੱਚਿਆਂ ਦੇ ਸਕੂਲਾਂ ਸਬੰਧੀ ਅਜੇ ਤਕ ਕੋਈ ਫੈਸਲਾ ਨਹੀਂ ਲਿਆ ਹੈ। ਛੋਟੇ ਬੱਚੇ ਦੁਪਹਿਰੇ 2 ਵਜੇ ਤਕ ਸਕੂਲ ਦੀ ਛੁੱਟੀ ਤੋਂ ਬਾਅਦ ਘਰਾਂ ਵਿਚ ਪਹੁੰਚ ਰਹੇ ਹਨ। ਅਜਿਹੇ ਵਿਚ ਦੁਪਹਿਰ ਸਮੇਂ ਤਿੱਖੀ ਧੁੱਪ ਕਾਰਨ ਬੱਚੇ ਨਿਢਾਲ ਹੋ ਰਹੇ ਹਨ। ਸਕੂਲ ਤੋਂ ਘਰ ਪਹੁੰਚਣ 'ਤੇ ਵਿਦਿਆਰਥੀਆਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੇਕਰ ਸਕੂਲਾਂ ਦੇ ਸਮੇਂ ਵਿਚ ਤਬਦੀਲੀ ਕੀਤੀ ਜਾਵੇ ਤਾਂ ਬੱਚਿਆਂ ਨੂੰ ਰਾਹਤ ਮਿਲ ਸਕਦੀ ਹੈ।